SATJUG
1920 ਤੋਂ
ਸਾਲ 98 ਵਾਂ

Price:Rs.5/-

# ਸਤਿਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ (੧੯੨੦ ਈ:) ਤੋਂ ਸਥਾਪਿਤ

ਹਾੜ ੨੦੭੫
ਵੀਰਵਾਰ
28June–4July 2018

ਜਿਲਦ 26
ਨੰਬਰ 11
Total Pages 28



ਬੋਧ ਮਹਿੰ ਬਿਦੇਹ ਜੁੱਧ ਕ੍ਰੁਧ ਮੱਧ ਰਾਮ ਚੰਦ, ਸਿੱਖ ਤਾਰਿਬੇ ਕੋ ਭਵ ਸਿੰਧੁ ਤੇ ਜਹਾਜ ਹੈਂ।
ਕਰੁਣਾ ਨਿਧਾਨ ਤੇ ਬਿਸ਼ਨੁ ਪਰਮਾਨ ਮਨ,ਕੀਰਤਿ ਪ੍ਰਕਾਸ਼ਬੇ ਕੋ ਸੋਈ ਦਿਜਰਾਜ ਹੈਂ।
ਪ੍ਰਗਟ ਪ੍ਰਤਾਪ ਮੈਂ ਪ੍ਰਚੰਡ ਮਾਰਤੰਡ ਬਡੇ, ਸ਼ੋਭਾ ਸਭਿ ਲੈਬੇ ਕਉ ਸੁਹਾਇੰ ਸੁਰਰਾਜ ਹੈਂ।
ਧੀਰਜ ਧਰਨ ਕੋ ਧਰਨਿ ਰੂਪ ਬੀਰ ਬਰ, ਸ੍ਰੀ ਹਰਿ ਗੁਵਿੰਦ ਸੁਖਕੰਦ ਹ੍ਵੈ ਬਿਰਾਜ ਹੈਂ।
( ਭਾਈ ਸੰਤੋਖ ਸਿੰਘ ਜੀ ਚੂੜਾਮਣਿ)

# ਪੰਥਕ ਸਰਗਰਮੀਆਂ









ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਮਾਗਮ ਦੀ ਸਮਾਪਤੀ ਸਮੇਂ ਦਰਸ਼ਨ ਦਿੰਦੇ ਹੋਏ
( ਰਿਪੋਰਟ-ਪੰਨਾ 24 ਤੇ)



ਸ੍ਰੀ ਸਤਿਗੁਰੂ ਜੀ ਹੈਦਰਾਬਾਦ ਵਿਖੇ ਨਾਮਧਾਰੀ ਵਿੱਦਿਅਕ ਜਥੇ ਦੇ ਗੁਰਮਤਿ ਸਿਖਲਾਈ ਸਮਾਗਮ ਸਮੇਂ ਕੇਂਦਰੀ ਜਥੇ ਦੇ ਸੇਵਾਦਾਰਾਂ,ਸਿਖਿਆਰਥੀਆਂ ਅਤੇ ਸਾਧ ਸੰਗਤ ਨਾਲ (ਰਿਪੋਰਟ- ਪੰਨਾ 23 ਤੇ)

# ਸਤਿਜੁਗ

੧੪ ਤੋਂ ੨੦ ਹਾੜ, ੨੦੭੫ ਬ੍ਰਿ.
28 ਜੂਨ ਤੋਂ 4 ਜੁਲਾਈ 2018 ਈ:
ਜਿਲਦ 26,ਵੀਰਵਾਰ ਨੰਬਰ 11



**ਸਤਿਜੁਗ**
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015

E-mail : satjug@sribhainisahib.com
satjugweekly@gmail.com
Website: www.satjugonline.com



Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 4-07-2018,**
**Date of Posting: 5-6 July 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 250 ਰੁ:, ਪ੍ਰਦੇਸ- 30 ਪੌਂਡ
ਪੰਜ ਸਾਲ : ਦੇਸ - 1000 ਰੁ:, ਪ੍ਰਦੇਸ- 120 ਪੌਂਡ

Designed and Typeset
Vishav Namdhari sangat,
Sri Bhaini sahib
satjug@sribhainisahib.com



ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98554-46711, 70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015


# ਤਤਕਰਾ


* ਗੁਰਬਾਣੀ ਵੀਚਾਰ
ਸੰਤ ਨਿਸ਼ਾਨ ਸਿੰਘ ਜੀ.,............................4

* ਸੰਪਾਦਕੀ--ਰਬਾਬ ਦੀ ਤਾਰ ਤੋਂ ਤੇਗ਼ ਦੀ ਧਾਰ ਤੱਕ
ਸੇਵਕ ਹਰਪਾਲ ਸਿੰਘ.........................................5

* ਹਸਤ ਲਿਖਤ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ....................7

* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ............................8

* ਉਪਦੇਸ਼: ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ...........................8

* ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ..............................10

*ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ.................11

* ਮੀਰੀ ਪੀਰੀ ਦੇ ਮਾਲਕ
ਸੰਤ ਨਿਸ਼ਾਨ ਸਿੰਘ ਜੀ............................14

* ਰੁਦ੍ਰ ਅਵਤਾਰ:ਦੱਤਾ ਤ੍ਰੇਯ
ਮਾਸਟਰ ਦਰਸ਼ਨ ਸਿੰਘ ਜੀ.........................16

* Birth of Guru Hargobind Ji
By Aala Singh........................................18

* ਮੀਰੀ ਪੀਰੀ (ਕਵਿਤਾ)
ਵਿਧਾਤਾ ਸਿੰਘ ਤੀਰ..................................19

* ਸੁੱਚੇ ਮੋਤੀ..........................................................20

* ਬਾਲ ਸੰਦੇਸ਼.........................................................21

* ਖਬਰਨਾਮਾ..........................................................22

# ਗੁਰਬਾਣੀ ਵੀਚਾਰ

**ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ।।**
**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ।।**
**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ।।**
**ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ।।**

ਵਿਆਖਿਆ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਉਪਰੋਕਤ ਪਾਵਨ ਸ਼ਬਦ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕ੍ਰਿਸ਼ਨਾ ਅਵਤਾਰ ਵਿੱਚੋਂ ਲਿਆ ਗਿਆ ਹੈ। ਇਸ ਸ਼ਬਦ ਵਿੱਚ ਸਤਿਗੁਰੂ ਜੀ,ਸੰਸਾਰ ਵਿੱਚ ਕਿਸ ਦਾ ਜਨਮ ਧੰਨਤਾ ਯੋਗ ਹੈ? ਦਾ ਉੱਤਰ ਬਖਸ਼ਿਸ਼ ਕਰ ਰਹੇ ਹਨ :-

ਚੁਰਾਸੀ ਲੱਖ ਜੂਨਾਂ ਵਿੱਚ ਮਨੁੱਖਾ ਜਨਮ ਨੂੰ ਸਰਦਾਰ ਜੂਨ ਮੰਨਿਆ ਗਿਆ ਹੈ। ਇਹ ਸੰਸਾਰ ਰੂਪੀ ਅਗਮ ਸਾਗਰ ਵਿਚੋਂ ਪਾਰ ਉਤਰਨ ਦਾ ਸੁਨਹਿਰੀ ਅਵਸਰ ਹੈ। ਇਸੇ ਜਨਮ ਵਿੱਚ ਕੀਤੀ ਸਾਧਨਾ ਦੁਆਰਾ ਜੀਵ ਪਰਮ-ਆਤਮਾ ਅਥਵਾ ਆਪਣੇ ਨਿਜ ਘਰ ਵਿੱਚ ਸਮਾਅ ਸਕਦਾ ਹੈ। ਪਰ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਭਵਸਾਗਰ ਨੂੰ ਕਿਵੇਂ ਤਰੀਏ ? ਸਰੀਰ ਰੂਪੀ ਮਿੱਟੀ ਅਥਵਾ ਕਾਗਜ਼ ਦੀ ਬੇੜੀ ਜਰਜਰੀ ਅਤੇ ਅਲਪ-ਕਾਲੀਨ ਹੈ। ਪਤਾ ਨਹੀਂ ਕਦੋਂ ਅੱਧ ਵਿਚਾਲੇ ਹੀ ਖ਼ੁਰ ਜਾਵੇ। ਸਾਹਿਬ ਫੁਰਮਾਉਂਦੇ ਹਨ ਕਿ ਉਹ ਬੇੜੀ ਯਸ਼ ਦੀ ਹੀ ਹੋ ਸਕਦੀ ਹੈ। ਪਰ ਇਸ ਬੇੜੀ ਦੀ ਪ੍ਰਾਪਤੀ ਕਿਵੇਂ ਹੋਵੇ ? ਇਸਦਾ ਸਾਧਨ ਗਰੀਬ ਨਿਵਾਜ਼ ਦਸਮੇਸ਼ ਪਾਤਸ਼ਾਹ ਜੀ ਨੇ ਅੰਤਹਕਰਣ ਵਿੱਚ ਪ੍ਰਕਾਸ਼ ਅਤੇ ਨਿਜ-ਸਰੂਪ ਦੀ ਲਖਤਾ ਫੁਰਮਾਇਆ ਹੈ। ਪਰ ਇਸ ਰਸਤੇ ਵਿੱਚ ਤਿੰਨ ਮੁੱਖ ਰੁਕਾਵਟਾਂ ਮੰਨੀਆਂ ਜਾਂਦੀਆਂ ਹਨ। ੧. ਮਲ ੨. ਵਿਕਸ਼ੇਪ ੩. ਆਵਰਣ ।

ਮਲ ਤੋਂ ਭਾਵ ਹੈ ਪਾਪ। ਸਾਹਿਬ ਪਵਿਤ੍ਰ ਗੁਰਬਾਣੀ ਵਿੱਚ ਫੁਰਮਾਣ ਕਰਦੇ ਹਨ :-**" ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ"**। ਯਾਦ ਰਹੇ ਕਿ ਜੇਕਰ ਪਾਣੀ ਵਿੱਚ ਮਨੁੱਖ ਆਪਣਾ ਪ੍ਰਤੀਬਿੰਬ ਦੇਖਣਾ ਚਾਹੇ ਪਰ ਪਾਣੀ ਹੋਵੇ ਗੰਦਾ ਤਾਂ ਕਦੀ ਹੋ ਹੀ ਨਹੀਂ ਸਕਦਾ ਕਿ ਉਸਦੇ ਨੈਣ-ਨਕਸ਼ ਸਹੀ ਰੂਪ ਵਿੱਚ ਦਿਖਾਈ ਦੇਣ। ਇਸੇ ਤਰ੍ਹਾਂ ਪਾਪਾਂ ਨਾਲ ਭਰੇ ਅੰਤਹਕਰਣ ਵਿਚੋਂ ਨਿਜ-ਸਰੂਪ ਦਾ ਦਰਸ਼ਨ ਅਸੰਭਵ ਹੋ ਜਾਂਦਾ ਹੈ। ਦੂਸਰਾ ਦੋਸ਼ ਹੈ - ਵਿਕਸ਼ੇਪ ਭਾਵ ਚੰਚਲਤਾ। ਜੇ ਪਾਣੀ ਵਿੱਚ ਲਹਿਰਾਂ ਉੱਠ ਰਹੀਆਂ ਹੋਣ ਤਾਂ ਪ੍ਰਤੀਬਿੰਬ ਫਿਰ ਵੀ ਸਾਫ ਨਹੀਂ ਦਿਸੇਗਾ। ਜਿੰਨ੍ਹਾਂ ਚਿਰ 'ਚੰਚਲ ਤ੍ਰਿਸਨਾ ਸੰਗਿ ਬਸਤੁ ਹੈ' ਓਨਾ ਚਿਰ ਆਤਮਿਕ ਦਰਸ਼ਨ ਵਿੱਚ ਵੱਡੀ ਰੁਕਾਵਟ ਖੜ੍ਹੀ ਰਹਿੰਦੀ ਹੈ। ਤੀਸਰਾ ਦੋਸ਼ ਹੈ ਆਵਰਣ ਅਥਵਾ ਪਰਦਾ। ਹਉਮੈਂ ਅਤੇ ਭਰਮ ਦੇ ਪਰਦੇ ਨਾਲ ਢੱਕੇ ਹੋਏ ਆਤਮੇ ਦਾ ਜੋਤਿ ਪ੍ਰਕਾਸ਼ ਓਵੇਂ ਹੀ ਪ੍ਰਗਟ ਨਹੀਂ ਹੋ ਪਾਉਦਾ ਜਿਵੇਂ ਢਕੇ ਹੋਏ ਪਾਣੀ ਵਿੱਚ ਮੁਖੜੇ ਦਾ ਬਿੰਬ। ਬੁੱਧੀ ਨੂੰ ਗੁਰ ਗਿਆਨ ਦੁਆਰਾ ਜਗਾ ਕੇ ਆਵਰਣ ਦੋਸ਼ ਅਤੇ ਧੀਰਜ ਨੂੰ ਸਰੀਰ ਰੂਪੀ ਘਰ ਦਾ ਮਾਲਕ ਬਣਾ ਕੇ ਵਿਕਸ਼ੇਪ ਦੋਸ਼ ਦੀ ਨਵਿਰਤੀ ਕੀਤੀ ਜਾ ਸਕਦੀ ਹੈ। ਆਤਮ-ਗਿਆਨ ਦੀ ਬੁਹਾਰੀ ਮਨ ਰੂਪੀ ਹੱਥ ਵਿੱਚ ਫੜ ਕੇ ਕਾਇਰਤਾ ਦਾ ਕੂੜਾ ਹੂੰਝਣ ਨਾਲ ਮਲ ਦੋਸ਼ ਦੂਰ ਹੁੰਦਾ ਹੈ। ਕਿਉਂਕਿ ਜੀਵ ਦੀ ਹਉਮੈਂ ਨੇ ਇਸ ਜੀਵ ਦੇ ਅੰਦਰ ਭੇਦ ਭਰਮ ਪੈਦਾ ਕਰ ਰੱਖਿਆ ਹੈ। ਕਿਸੇ ਦਾ ਕੌਲ ਵੀ ਹੈ:-

**ਮੇਰੀ ਮੈਂ ਮੈਨੂੰ ਤੇਰੇ ਤੋਂ ਜੁਦਾ ਰੱਖਿਆ।**
**ਮੈਨੂੰ ਜੀਵ ਅਤੇ ਤੈਨੂੰ ਹੈ ਖ਼ੁਦਾ ਰੱਖਿਆ।**

ਜਦ ਭਰਮ ਦਾ ਪਰਦਾ ਟੁੱਟ ਗਿਆ ਤਾਂ ਸਹਿਜ ਸੁਭਾਅ ਹੀ ਮੁੱਖੋਂ ਬਚਨ ਨਿਕਲੇ:- 'ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ'। ਇਸ ਤਰ੍ਹਾਂ ਨਿਰਭਉ ਵਿੱਚ ਲੀਨ ਹੋ ਕੇ ਜੀਵ ਨਿਰਭਉ ਹੋ ਗਿਆ। ਉਸ ਦੇ ਮੁੱਖ ਤੇ ਸਚੁ ਪਰਮੇਸਰੁ ਅਤੇ ਹਿਰਦੇ ਵਿੱਚ ਪਰਉਪਕਾਰ ਲਈ ਧਰਮ ਜੁੱਧ ਦਾ ਚਾਅ ਉਤਪੰਨ ਹੋ ਗਿਆ। ਅਜਿਹੀਆਂ ਰੂਹਾਂ ਨੇ ਬਾਬਰ ਨੂੰ ਜਾਬਰ ਅਤੇ 'ਰਾਜੇ ਸੀਂਹ ਮੁਕਦਮ ਕੁਤੇ' ਆਖ ਕੇ ਅਨਿਆਂ ਅਤੇ ਜ਼ੁਲਮ ਨੂੰ ਵੰਗਾਰਿਆ। ਤਪਦੀਆਂ ਤਵੀਆਂ, ਉਬਲਦੀਆਂ ਦੇਗਾਂ, ਫ਼ਾਂਸੀਆਂ, ਚਰਖੜੀਆਂ ਉਨ੍ਹਾਂ ਦੀ ਸੋਚ ਦੇ ਰਾਹ ਨੂੰ ਰੋਕ ਨਾ ਸਕੀਆਂ। ਰਾਜ ਯੋਗ ਅਤੇ ਮੀਰੀ ਪੀਰੀ ਦੇ ਮਹਾਨ ਸੰਕਲਪ ਨੂੰ ਪਰਣਾਈਆਂ ਅਜਿਹੀਆਂ ਗੁਰਮੁੱਖ ਰੂਹਾਂ ਨੂੰ ਦਸਮੇਸ਼ ਪਾਤਸ਼ਾਹ ਧੰਨਤਾ ਦੇ ਯੋਗ ਆਖ ਕੇ ਉਨ੍ਹਾਂ ਦਾ ਸਤਿਕਾਰ ਕਰਦੇ ਹਨ।

**- ਸੰਤ ਨਿਸ਼ਾਨ ਸਿੰਘ ਜੀ**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ੧੯੭੭ ਬਿ੍. (1920ਈ:) ਤੋਂ ਸਥਾਪਿਤ

ਜਿਲਦ 26 ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਨੰਬਰ 11

੧੪ ਤੋਂ ੨੦ ਹਾੜ ੨੦੭੫ ਬਿ: 28 June to 4 July 2018 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੨੦੩

## ਰਬਾਬ ਦੀ ਤਾਰ ਤੋਂ ਤੇਗ਼ ਦੀ ਧਾਰ ਤੱਕ

ਤੂੰ ਕਿਸੇ ਨੂੰ ਵੀ ਪੁੱਛ ਲੈ ਕਿ ਮੇਰੀ ਜ਼ੁਬਾਂ,
ਇਹ ਤਲਖ਼ ਏਨੀ ਕਦੇ ਹੋਈ ਸੀ ਨਾ ।
ਸਾਜ਼ ਦੀ ਤਾਰ ਤੋਂ ਤੇਗ਼ ਦੀ ਧਾਰ ਵਿੱਚ ਪਲਟਦੀ
ਸੌ ਬਰਸ ਥਰਥਰਾਉਂਦੀ ਰਹੀ। (ਪਾਤਰ)

ਸਿੱਖ ਧਰਮ ਦਾ ਜਨਮ ਰਬਾਬ ਦੇ ਮਧੁਰ ਅਲਾਪ ਵਿੱਚੋਂ, ਕੁਦਰਤ ਦੇ ਅਨਹਦ ਨਾਦ ਵਿੱਚੋਂ ਹੋਇਆ। ਗਿਆਨ ਦੇ, ਬਾਣੀ ਦੇ ਸੂਰਜੀ ਪ੍ਰਕਾਸ਼ ਅਤੇ ਅੰਮ੍ਰਿਤ ਨਾਮ ਦੀ ਫ਼ੁਹਾਰ ਨਾਲ ਸਿੱਖੀ ਦਾ ਬੂਟਾ ਫਲਿਆ-ਫੁੱਲਿਆ। ਜ਼ੁਲਮ ਦੇ ਝੱਖੜਾਂ ਵਿੱਚ ਤੇਗ ਦੀ ਧਾਰ ਤੇ ਸਿੱਖੀ ਦੀ ਪਰਖ਼ ਹੋਈ। ਸੱਚ ਆਚਾਰ ਅਤੇ ਸੁੱਚੀ ਕਿਰਤ ਦੇ ਗੁਣਾਂ ਸਦਕਾ ਸਿੱਖੀ ਦੇ ਇਸ ਬੂਟੇ ਨੂੰ ਖ਼ਿਮਾ, ਨਿਮਰਤਾ, ਪ੍ਰੇਮ, ਭਗਤੀ, ਸੇਵਾ, ਪਰਉਪਕਾਰ ਅਤੇ ਸਦਭਾਵਨਾ ਦੇ ਮਹਿਕਾਂ ਭਰੇ ਉਹ ਫੁੱਲ ਲੱਗੇ, ਜਿਨ੍ਹਾਂ ਸਦਕਾ ਇੱਕ ਆਦਰਸ਼ ਸੱਭਿਆਚਾਰ ਦਾ ਜਨਮ ਹੋਇਆ, ਇੱਕ ਪੂਰਨ ਮਨੁੱਖ ਦਾ ਸੰਕਲਪ ਪੈਦਾ ਹੋਇਆ। ਪੰਜਾਬ ਪਰਮ-ਪੁਰਖ ਦੀ ਰੰਗਣ ਵਿੱਚ,ਗੁਰਾਂ ਦੇ ਨਾਮ ਦੀ ਰੰਗਣ ਵਿੱਚ ਰੰਗਿਆ ਗਿਆ।

ਸਿੱਖੀ ਸੱਭਿਆਚਾਰ ਦੇ ਜਨਮ ਦਾਤਾ, ਆਦਿ ਗੁਰੂ ਬਾਬਾ ਨਾਨਕ ਨੇ ਜਦੋਂ-

**ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਿਵੀ ਦਿਸਿ ਆਈ।**
**ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ।**

ਧਰਤ ਲੋਕਾਈ ਨੂੰ ਸੋਧਣ ਲਈ-

**ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।**

ਸਾਹਿਬ ਸੱਚ-ਖੰਡ 'ਚੋਂ ਨੌ ਨਿਧਾਂ ਦਾ ਖ਼ਜ਼ਾਨਾ ਨਾਮ ਅਤੇ ਗਰੀਬੀ, ਨਿਮਰਤਾ, ਹਲੀਮੀ ਲੈ ਕੇ ਆਏ। ਉਦਾਸੀਆਂ ਆਰੰਭ ਕਰਨ ਸਮੇਂ, ਰਬਾਬੀ ਭਾਈ ਮਰਦਾਨਾ ਜੀ ਨੂੰ ਨਾਲ ਲਿਆ। ਭਾਈ ਫਿਰੰਦਾ ਜੀ ਨੇ ਰਬਾਬ ਭੇਟ ਕੀਤੀ। ਜਨਮ ਸਾਖੀ ਵਿੱਚ ਵਾਰ ਵਾਰ ਪੜ੍ਹਨ ਨੂੰ ਮਿਲਦਾ ਹੈ- 'ਮਰਦਾਨਿਆਂ ਛੇੜ ਰਬਾਬ, ਬਾਣੀ ਆਈ ਹੈ'। ਜਿਸ ਰਾਗ ਵਿੱਚ ਗੁਰੂ ਸਾਹਿਬ ਨੇ ਬਾਣੀ ਉਚਾਰਨੀ ਹੁੰਦੀ, ਭਾਈ ਮਰਦਾਨਾ ਜੀ ਉਸੇ ਰਾਗ ਵਿੱਚ ਰਬਾਬ ਵਜਾਉਂਦੇ, ਰਬਾਬ ਦੇ ਮਧੁਰ ਅਲਾਪ ਨੂੰ ਸੁਣ ਕੇ-

ਸੁਨਿ ਬਨ ਕੇ ਬ੍ਰਿਖ ਤਿਤ ਸਮੈ ਚੂਵਨ ਰਸ ਵਡ ਲਾਗ।ਬਰਨ ਬਰਨ ਬਨ ਬਿਹੰਗ ਜੇ ਉਮਗਸੋ ਤਿਨ ਅਨੁਰਾਗ। (ਸੂਰਜ ਪ੍ਰਕਾਸ਼)

ਜੰਗਲ ਦੇ ਪਸ਼ੂ-ਪੰਛੀ ਚੁਫ਼ੇਰੇ ਆ ਬੈਠਦੇ, ਰੁੱਖਾਂ 'ਚੋਂ ਰਸ ਚੋਣ ਲੱਗਦਾ, ਸਭ ਪ੍ਰੇਮ ਦੀ ਰੰਗਣ ਵਿੱਚ ਰੰਗੇ ਜਾਂਦੇ- 'ਮਰਦਾਨੇ ਰਬਾਬ ਵਜਾਇਆ, ਬਾਬੇ ਸਬਦ ਉਠਾਇਆ'- ਇਲਾਹੀ ਬਾਣੀ ਦਾ ਆਗਮਨ ਹੁੰਦਾ, ਗਿਆਨ ਦੇ ਸੂਰਜ ਦਾ ਪ੍ਰਕਾਸ਼ ਹੁੰਦਾ, ਵਹਿਮਾਂ-ਭਰਮਾਂ ਦੀ ਧੁੰਦ ਮਿਟ ਜਾਂਦੀ। ਆਤਮਾ, ਪਰ-ਆਤਮਾ ਦੇ ਭੇਦ ਮਿਟ ਜਾਂਦੇ, ਪਰਮ-ਆਤਮਾ ਨਾਲ ਲਿਵ ਜੁੜ ਜਾਂਦੀ। ਭਗਵਾਨ ਕ੍ਰਿਸ਼ਨ ਦੀ ਬੰਸਰੀ ਵਾਂਗ ਗੁਰੂ ਨਾਨਕ ਦੇ ਸ੍ਰੀ ਮੁੱਖ ਤੋਂ ਇਲਾਹੀ ਬਾਣੀ ਅਤੇ ਰਬਾਬ ਦੇ ਮਧੁਰ ਅਲਾਪ ਪ੍ਰੇਮ ਦੀ ਰੰਗਣ ਵਿੱਚ ਸਭ ਨੂੰ ਕੀਲ ਲੈਂਦੇ। 'ਰਾਗ ਦਾ ਅਰਥ' ਪ੍ਰੇਮ ਹੈ। ਗੁਰੂ ਸਾਹਿਬ 'ਰਾਗ' ਲੈ ਕੇ ਆਏ। ਪ੍ਰੇਮਾ-ਭਗਤੀ ਦਾ ਮਾਰਗ ਤੋਰਿਆ। ਪ੍ਰੇਮ ਹੀ ਦ੍ਵੈਤ ਭਾਵ ਖਤਮ ਕਰਕੇ, ਦੋ ਤੋਂ ਇੱਕ ਕਰਨ ਦੀ ਸ਼ਕਤੀ ਰੱਖਦਾ ਹੈ, ਏਸੇ ਨਾਮ-ਬਾਣੀ ਅਤੇ ਪ੍ਰੇਮ ਦੀ ਰੰਗਣ ਘਰ ਘਰ ਫੈਲ

**ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।**

ਗੁਰੂ ਨਾਨਕ ਦੇ ਹਰ ਸਿੱਖ ਦਾ ਘਰ ਧਰਮਸਾਲਾ ਬਣ ਗਿਆ, ਮਨ ਮੰਦਰ ਹੋ ਗਿਆ ਅਤੇ ਤਨ ਫ਼ਕੀਰੀ ਵੇਸ ਦਾ ਧਾਰਨੀ ਬਣ ਗਿਆ। ਦੇਵੀ ਦੇ ਪੁਜਾਰੀ ਭਾਈ ਲਹਿਣਾ ਜੀ ਨੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਆ ਕੇ ਵੇਖਿਆ 'ਗੁਰ ਜੈਸਾ ਨਾਹੀ ਕੋ ਦੇਵ'। ਗੁਰੂ ਦੀ ਸੇਵਾ ਕਰਕੇ, ਗੁਰੂ ਨਾਲ ਅਭੇਦ ਹੋ ਗਏ। -'ਅੰਗ ਸੇ ਅਪਨੇ ਲਗਾ, ਲਹਿਣੇ ਕੋ ਅੰਗਦ ਕਰ ਦੀਆ।' ਗੁਰੂ ਨਾਨਕ, ਅੰਗਦ ਹੋ ਗਿਆ। ਇਸ ਤਰ੍ਹਾਂ 'ਅਬਿਚਲ ਨੀਵ ਧਰੀ ਗੁਰ ਨਾਨਕ, ਨਿਤ ਨਿਤ ਚੜੈ ਸਵਾਈ।' ਦਿਲਾਂ ਤੇ ਰਾਜ ਕਰਨ ਵਾਲੀ ਸੱਚੀ ਪਾਤਸ਼ਾਹੀ ਦੇ 'ਨਾਨਕ-ਰਾਜ' ਦੀ ਅਬਿਚਲ, ਅਟੱਲ ਨੀਂਹ ਰੱਖੀ ਗਈ। ਗੁਰੂ ਨਾਨਕ ਦੀ ਰਾਜ-ਯੋਗ ਗੱਦੀ, ਪ੍ਰੇਮ-ਪ੍ਰਚਾਰਣੀ ਗੱਦੀ ਹੈ। ਬੈਰੀ ਮੀਤ ਸਮਾਨ ਜਾਨਣਾ ਅਤੇ 'ਬੁਰੇ ਨਾਲ ਜੋ ਨੇਕੀ ਕਰਨੀ, ਇਹ ਗੁਰੂ ਨਾਨਕ ਜਾਣੇ' ਗੁਰੂ ਘਰ ਦੀ ਉੱਚੀ ਸੁੱਚੀ ਰੀਤ ਹੈ। ਸੁੱਚੀ ਕਿਰਤ ਕਮਾਈ 'ਚੋਂ ਲੋੜਵੰਦ ਨੂੰ ਦਾਨ ਕਰਨਾ, ਭੁੱਖੇ ਨੂੰ ਰੋਟੀ ਅਤੇ ਨੰਗੇ ਨੂੰ ਬਸਤਰ ਦੇਣੇ, ਸੰਗਤ ਅਤੇ ਪੰਗਤ ਦੀ ਰੀਤ ਵੀ ਗੁਰੂ ਨਾਨਕ ਦੇ ਘਰ ਵਿੱਚ ਹੀ ਪ੍ਰਚਲਿਤ ਹੈ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ, ਗੁਰੂ ਸਾਹਿਬਾਨ ਦੇ ਪ੍ਰਚਾਰ ਪ੍ਰਸਾਰ ਦਾ ਆਧਾਰ 'ਰੱਬੀ ਨਾਮ ਦਾ ਜਾਪ ਅਤੇ ਇਲਾਹੀ ਬਾਣੀ ਦਾ ਸੰਗੀਤ-ਮਈ ਕੀਰਤਨ' ਹੀ ਰਿਹਾ।

ਇਹ ਰਾਗ ਹੀ ਹੈ ਜੋ ਜ਼ਹਿਰੀਲੇ ਨਾਗਾਂ ਨੂੰ ਵੱਸ ਕਰਨ ਦੀ ਸ਼ਕਤੀ ਰੱਖਦਾ ਹੈ। ਮਨੁੱਖ ਨੂੰ ਨਿਰਭਉ ਅਤੇ ਨਿਰਵੈਰ ਕਰ ਦੇਂਦਾ ਹੈ। ਗੁਰੂ ਸਾਹਿਬ ਦੀ ਇਸ ਪ੍ਰੇਮ ਕਸਵੱਟੀ ਤੇ ਉਹੋ ਪੂਰਾ ਉੱਤਰਿਆ ਜਿਸਨੇ ਪ੍ਰੇਮ ਦੀ ਸ਼ਮ੍ਹਾਂ ਤੇ ਆਪਾ ਕੁਰਬਾਨ ਕਰਕੇ, ਸੀਅ ਨਾ ਕੀਤੀ, ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਸਿੱਖ ਗੁਰੂ ਸਾਹਿਬਾਨ ਦੀ ਇਹ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਜੋ ਵੀ ਉਪਦੇਸ਼ ਦਿੱਤੇ, ਪਹਿਲੋਂ ਆਪ ਉਨ੍ਹਾਂ ਤੇ ਚੱਲ ਕੇ ਪੈੜਾਂ ਪਾਈਆਂ ਫੇਰ ਉਨ੍ਹਾਂ ਪੈੜਾਂ ਤੇ ਗੁਰਮਤਿ ਦਾ ਗਾਡੀ-ਰਾਹ ਬਣਾਇਆ।

**ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ॥**

ਗੁਰਵਾਕ ਨੂੰ ਅਮਲੀ ਰੂਪ ਦੇਂਦਿਆਂ, ਭਾਣੇ ਨੂੰ ਮਿੱਠਾ ਕਰਕੇ ਮੰਨਦਿਆਂ ਹੱਕ ਸੱਚ ਅਤੇ ਧਰਮ ਵਾਸਤੇ ਕੁਰਬਾਨੀ ਦੀ, ਸ਼ਹੀਦੀ ਦੀ ਪਰੰਪਰਾ ਤੋਰੀ।

ਇਸ ਤੋਂ ਅੱਗੇ ਸਿੱਖ ਧਰਮ ਵਿੱਚ ਭਗਤੀ ਦੀ ਸੰਪੂਰਨਤਾ 'ਚੋਂ ਸ਼ਕਤੀ ਨੇ ਜਨਮ ਲਿਆ। ਪਰਉਪਕਾਰ, ਤਿਆਗ, ਸੇਵਾ, ਪ੍ਰੇਮ ਅਤੇ ਪ੍ਰਭੂ ਭਗਤੀ ਦੀਆਂ ਮਹਿਕਾਂ ਵੰਡਦੀ ਕਲਿਆਣਕਾਰੀ ਫੁਲਵਾੜੀ ਦੀ ਬਾਂਦਰਾਂ ਤੋਂ ਰੱਖਿਆ ਕਰਨ ਲਈ, ਅੰਮ੍ਰਿਤ ਜਲ ਝੀਲ ਨੂੰ ਉਪੱਦ੍ਰਵੀ ਹਾਥੀਆਂ ਅਤੇ ਝੋਟਿਆਂ ਤੋਂ ਗੰਧਲਾ ਹੋਣੋਂ ਬਚਾਉਣ ਲਈ, ਔਰਤਾਂ, ਮਜ਼ਲੂਮਾਂ ਅਤੇ ਗਊ-ਗਰੀਬ ਦੀ ਰੱਖਿਆ ਲਈ ਰਬਾਬ ਦੇ ਮਧੁਰ ਅਲਾਪ ਵਿੱਚੋਂ ਯੁੱਧ ਨਾਦ ਪੈਦਾ ਹੋਇਆ। ਇਹ ਵੀ ਰੱਬੀ ਸੰਜੋਗ ਹੀ ਹੈ ਕਿ ਗੁਰੂ ਅਰਜਨ ਦੇਵ ਦੀ ਸ਼ਹੀਦੀ ਦਿਵਸ ਤੋਂ ਕੁਝ ਦਿਨ ਬਾਦ ਹੀ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਪੁਰਬ ਆਉਂਦਾ ਹੈ। ਭਾਈ ਗੁਰਦਾਸ ਜੀ ੪੮ਵੀਂ ਵਾਰ ਵਿੱਚ ਲਿਖਦੇ ਹਨ-

**ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।**
**ਅਰਜਨ ਕਾਇਆ ਪਲਟਿਕੈ ਮੂਰਤਿ ਹਰਿ ਗੋਬਿੰਦ ਸਵਾਰੀ।**
**ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।**
**ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।**

ਗੁਰੂ ਅਰਜਨ ਦੇਵ ਜੀ ਨੇ ਰੱਬੀ ਰਜ਼ਾ ਵਿੱਚ ਜ਼ਬਰ ਦਾ ਟਾਕਰਾ ਸਬਰ ਨਾਲ ਕੀਤਾ। ਛੇਵੇਂ ਪਾਤਸ਼ਾਹ ਨੇ ਜ਼ਾਲਮ ਨੂੰ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਨਾਲ ਲਲਕਾਰਿਆ, ਨਗਾਰੇ ਤੇ ਯੁੱਧ ਨਾਦ ਦੇ ਧੌਂਸੇ ਵੱਜੇ। ਭਗਤੀ ਤੋਂ ਸ਼ਕਤੀ, ਸੰਤ ਤੋਂ ਸਿਪਾਹੀ ਅਤੇ ਰਬਾਬ ਤੋਂ ਤਲਵਾਰ ਹੋਂਦ ਵਿੱਚ ਆਈ। ਰਬਾਬ ਦੇ ਅਲਾਪ ਵਿੱਚੋਂ ਬੀਰ ਰਸੀ ਧੁਨਾਂ ਪੈਦਾ ਹੋਈਆਂ-

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥** ਅਤੇ
**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**

ਪ੍ਰੇਮ ਰਸ, ਭਗਤੀ ਰਸ ਤੋਂ ਬੀਰ ਰਸ ਤੱਕ ਦਾ ਸਫਰ ਕਰਕੇ ਦੀਨ ਵਾਸਤੇ, ਮਜ਼ਲੂਮ ਵਾਸਤੇ, ਈਮਾਨ ਵਾਸਤੇ ਉੱਠੀ ਗੁਰੂ ਸਾਹਿਬ ਦੀ ਤੇਗ਼ ਨੇ ਹਰੇਕ ਰੂਪ ਵਿੱਚ ਹੱਕ, ਸੱਚ ਅਤੇ ਧਰਮ ਦੀ ਸਥਾਪਨਾ ਕੀਤੀ। ਸੱਚੀ ਪਾਤਸ਼ਾਹੀ ਦਾ ਤਖਤ ਕਾਇਮ ਹੋਇਆ। ਮਰਦਾਨੇ ਦੀ ਰਬਾਬ, ਗੁਰੂ ਅਰਜਨ ਦੇਵ ਜੀ ਦਾ ਸਾਰੰਦਾ ਅਤੇ ਛੇਵੇਂ ਪਾਤਸ਼ਾਹ ਦਾ ਤਾਊਸ਼, ਰੱਬੀ ਰਾਗ ਹੀ ਸਿੱਖੀ ਸੱਭਿਆਚਾਰ ਦਾ ਅਧਾਰ ਰਿਹਾ-

ਬਨਣਾ ਪਿਆ ਹੈ,ਤੇਗ਼ ਵੀ ਭਾਵੇਂ ਰਬਾਬ ਤੋਂ, ਐਪਰ ਹਰੇਕ ਰੂਪ ਵਿੱਚ ਬੇਕਸਾਂ ਦਾ ਯਾਰ ਹਾਂ।

**-ਹਰਪਾਲ ਸਿੰਘ ਸੇਵਕ**
**ਸ੍ਰੀ ਭੈਣੀ ਸਾਹਿਬ**

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
# ਹਸਤ-ਲਿਖਤ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


ਡਾਕਟਰ ਸੁਛਾਹਟ ਜੀ ਦਾ ਆਸ਼੍ਰਮ ਦੇਖਿਆ ਜਿਸ ਵਿਚ ਕਈ ਦਿਨ ਨਾਂ ਬੋਲਣ ਵਾਲੇ ਤੇ ਸਮਾਧੀ ਲੈਂਣ ਵਾਲੇ ਪਵਿਤ੍ਰ ਵਿਚਰਾਂ ਵਾਲੇ ਮਾਸ ਸ਼ਰਾਬ ਆਂਡਾ ਪਾਨ ਸਿਗ੍ਰੇਟ ਦੀ ਬਿਲਕੁਲ ਨ ਵਰਤੋਂ ਕਰਨ ਵਾਲੇ ਸਾਧੂ ਰਹਿੰਦੇ ਹਨ ਡਾ:ਸਾਹਿਬ ਆਪ ਭੀ ਘੰਟਿਆਂ ਤਕ ਸਮਾਧੀ ਲੀਨ ਹੋ ਕੇ ਅਲੌਕਿਕ ਦਰਸ਼ਨ ਕਰਦੇ ਹਨ। ਇਸ ਲਈ ਏਥੇ ਸਭ ਜਾਨਵਰ ਸਪ ਆਦ ਭੀ ਨਹੀਂ ਮਾਰੇ ਜਾਂਦੇ।

ਕੁਲ ਸੰਸਾਰ ਦੀ ਸ਼ਾਂਤੀ ਅਤੇ ਸੁਖ ਦੀ ਵਡੀ ਨਿਸ਼ਾਨੀ ਇਹ ਹੈ ਇਸ ਤੋਂ ਸਭ ਨੂੰ ਸਿਖਿਆ ਧਾਰਨ ਕਰਨੀ ਚਾਹੀਦੀ ਹੈ ਕਿ ਇਹ ਕਿਸਤਰਾਂ ਕਿਸੇ ਦੇ ਧਰਮ ਨੂੰ ਚੰਗਾ ਜਾਣਦੇ ਅਤੇ ਕਿਸੇ ਦੇ ਭੀ ਚੰਗਿਆਈ ਨੂੰ ਕਿਸਤਰਾਂ ਸਲਾਹੁੰਦੇ ਹਨ।

ਹਸਤਾਖ਼ਰ

੯ ਫਗਣ ੨੦੩੪
ਹੁਫਾ ਸਦੰਨ,ਰਾਜਬੁਰੀ ਸਿਆਮ
੦੯੧੫


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਮਹਾਰਾਜ ਜੀ ਸਬੂਹਿ ਖਾਲਸੇ ਨੇ ਆਪ ਵਿਚਾਰ ਲੈਣਾ
ਜੋ ਭਲਾਈ ਦੇ ਕੰਮ ਹੈਨ।ਮੇਰੀ ਬੁਧ ਬਹੁਤ ਥੋੜੀ ਹੈ,
ਮੈ ਤਾ ਕੁਛ ਜਪੁ ਤਪੁ ਨਹੀ ਕੀਤਾ।
ਕਰਮੁ ਨ ਜਾਨਾ ਧਰਮੁ ਨ ਜਾਨਾ ਲੋਭੀ ਮਾਇਆਧਾਰੀ।
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ।
ਮੇਰੀ ਲਜਿਆ ਤੁਸੀ ਸਾਧ ਸੰਗਤ ਨੇ ਰਖਣੀ ਹੈ।
ਜੇਕਰ ਤੁਸੀ ਭਲੇ ਹੋਵਹੁਗੇ ਤਾ ਮੈਨੂ ਬੁਰਾ ਕਿਸੇ ਨਹੀ ਆਖਣਾ
ਤੁਹਾਡੇ ਪਿਛੇ ਅਰ ਮੈਨੂ ਬੀ ਬਖਸ ਦੇਊਗਾ ਗੁਰੂ ਸਭ ਮਹੰਤ ਪੰਚ ਨੇ ਦ੍ਰਿੜ ਰਹਿਨਾ।

**(ਹੁਕਮਨਾਮਾ ੨)**

# ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

**ਦੋਹਰਾ॥**
**ਕਰਨਹਾਰ ਕਰਤਾਰ ਪ੍ਰਭੁ ਬਿਘਨ ਹਨੈ ਸੁਖ ਦਾਇ ॥**
**ਗੁਰ ਹਰਿ ਗੋਬਿੰਦ ਕਹਿਤ ਹੀ ਨਾਸੈ ਬ੍ਰਿੰਦ ਬਲਾਇ ॥੧॥**
**ਸ੍ਵੈਯਾ॥**
**ਗੋਬਿੰਦ ਕੇਸਵ ਰਾਮ ਕਿਧੋ ਰਿਪੁ ਦਾ ਹਿਕ ਰੂਪ ਧਰਾ ਜਗ ਵਾਲੀ।**
**ਪੀਰਨ ਪੀਰ ਵ ਮੀਰਨ ਮੀਰਹਿ ਤੇਗ ਧਰੀ ਜੁਗ ਤੇਜ ਬਿਸਾਲੀ।**
**ਤੋਰਕ ਗਾਰਕ ਹਿੰਦੁਨ ਤਾਰਕ ਦੀਨਨ ਪਾਰਕ ਵਾਕ ਰਸਾਲੀ।**
**ਕਾਰਕ ਬਾਰਕ ਕੇ ਜਿਨ ਬਾਰਕ ਖੰਡਿਹ ਪਾਹੁਲ ਪੰਥ ਸਿੰਘਾਲੀ।੨।**

ਜਿਹੜੇ ਢਾਡੀ, ਰਬਾਬੀ ਵਾਰਾਂ ਪੜ੍ਹਦੇ ਸੀ, ਢੱਡ ਵਾਲਾ ਢਾਡੀ ਹੁੰਦਾ ਸੀ, ਦੋਵੇਂ ਜਣੇ ਜਿਸ ਵੇਲੇ ਵਾਰ ਲਾਉਂਦੇ ਸਨ, ਉਸ ਵੇਲੇ ਪੜ੍ਹ ਕੇ ਸੁਣਾਓਦੇ ਸਨ-ਤੇਜ ਆਉਂਦਾ ਸੀ। ਸਾਨੂੰ ਭੁੱਲ ਗਈ ਉਹ ਗੱਲ , ਸਾਨੂੰ ਆ ਗਈ ਉਹ ਪੋਲਿਟਿਕਸ ਕਹੋ ਨੀਤੀ ਕਹੋ ਪਰ ਨੀਤੀ-ਨੀਤੀ 'ਚ ਫਰਕ ਹੈ।ਇੱਕ ਹੈ ਧਰਮ ਨੀਤੀ, ਇੱਕ ਹੈ ਕੁਟਲ ਨੀਤੀ। ਹੁਣ ਏਸੇ ਕੁਟਲ ਨੀਤੀ ਦਾ, ਟੇਡੀ ਨੀਤੀ ਦਾ, ਡਿੰਗੀ ਨੀਤੀ ਦਾ ਪ੍ਰਭਾਵ ਪੈ ਰਿਹੈ।ਹਰ ਇੱਕ ਆਦਮੀ ਏਹੋ ਚਾਹੁੰਦਾ ਹੈ ਕਿ ਮੇਰਾ ਪ੍ਰਭਾਵ ਸਾਰਿਆ ਤੇ ਹੋਵੇ,ਮੈਂ ਇਹਨਾਂ ਨੂੰ ਕਿਸੇ ਤਰ੍ਹਾਂ ਜਿੱਤਾਂ - ਗੱਲਾਂ ਕਰਕੇ ਜਿੱਤਾਂ- ਪੈਸਿਆਂ ਨਾਲ ਜਿੱਤਾਂ- ਸਭ ਮੇਰੇ ਹੇਠ ਹੋਣ। ਧਰਮ ਨੀਤੀ ਨਹੀਂ ਰਹੀ, ਕਿ ਧਰਮ ਤੋਂ ਅੱਗੇ ਪੈਰ ਨਹੀ ਧਰਨਾ।। ਕਿਸੇ ਦੀ ਚੀਜ਼ ਚੁੱਕਣੀ, ਕਿਸੇ ਦਾ ਖੋਹਣਾ, ਕਿਸੇ ਦਾ ਧੋਖੇ ਨਾਲ ਲੈਣਾ, ਕਿਸੇ ਨੂੰ ਧੋਖੇ ਨਾਲ ਆਪਣੇ ਹੇਠ ਕਰਨਾ-ਇਹ ਅੱਜ ਕੱਲ੍ਹ ਦੀ ਨੀਤੀ ਆ ਗਈ। ਮਹਾਰਾਜ ਨੇ ਦੋ ਤਲਵਾਰਾਂ ਬੱਧੀਆਂ, ਢਾਡੀ ਪੜ੍ਹਦਾ ਸੀ:

ਦੋ ਤਲਵਾਰਾਂ ਬੱਧੀਆ ਇੱਕ ਮੀਰੀ ਦੀ ਇੱਕ ਪੀਰੀ ਦੀ।
ਇਕ ਅਜਮਤ ਅਤੇ ਸਾਰ ਦੀ, ਇਕ ਨੇਕੀ ਕਰੇ ਵਜੀਰ ਦੀ।
ਹਿੰਮਤ ਬਾਹਾਂ ਕੋਟਗੜ੍ਹ, ਦਰਵਾਜਾ ਬਲਖ ਬੁਖੀਰ ਦੀ।
ਕਟਕ ਸਿਪਾਹੀ ਨੀਲ ਨਲ ਮਾਰ ਦੁਸਟਾ ਕਰੇ ਪਦੀਦ ਦੀ।

ਜਿਸ ਵੇਲੇ ਸੱਚੇ ਪਾਤਸ਼ਾਹ ਨੇ ਅਕਾਲ ਤਖਤ ਸਜਾਇਆ, ਬੈਠੇ ਤਖਤ ਦੇ ਉੱਤੇ, ਢਾਡੀ ਕਹਿੰਦਾ ਹੈ:

'ਪਗ ਤੇਰੀ ਕਿਆ ਜਹਾਂਗੀਰ ਦੀ'

-ਤੇਰੇ ਸਾਮ੍ਹਣੇ ਕਿਆ ਜਹਾਂਗੀਰ ਦੀ ਪੱਗ ਹੈ। ਉਹ ਗੁਰੂ ਹਰਗੋਬਿੰਦ ਸਾਹਿਬ ਪੀਰਾਂ ਦਾ ਪੀਰ , ਜਿਨ੍ਹਾਂ ਦੇ ਕੋਲ ਸਾਂਈ ਮੀਆਂ ਮੀਰ ਵਰਗੇ ਆ ਕੇ - ਗੁਰੂ ਸਾਹਿਬ ਦੀ ਇੱਕੀ ਬਾਈ ਸਾਲ ਦੀ ਉਮਰ ਹੈ , ਸੱਚੇ ਪਾਤਸ਼ਾਹ ਲਾਹੌਰ ਵਿੱਚ ਗਏ ਹੋਏ ਹਨ -ਅੱਗੋਂ ਸਾਂਈ ਮੀਆਂ ਮੀਰ ਬੁੱਢਾ ਆਦਮੀ ਜਿਹਦੀ ਖਵਨੀ ਕਿਤਨੀ ਉਮਰ ਹੋਵੇ ਜਿਸ ਵੇਲੇ ਸਾਹਿਬ ਜਾਂਦੇ ਹਨ ਤਾਂ ਖੜਾ ਹੋ ਜਾਂਦਾ ਹੈ।

ਚੇਲੇ ਮੁਤੱਸਵ ਦੇ ਭਰੇ ਹੋਏ, ਮੁਸਲਮਾਨ ਸੜੇ ਹੋਏ ਕਹਿੰਦੇ ਹਨ "ਹਜ਼ਰਤ, ਇਹ ਇੱਕ ਲੜਕਾ ਆਉਂਦਾ ਹੈ ਨੌਜਵਾਨ ਤੂੰ ਇਹਦੇ ਆਇਆਂ ਤੇ ਖੜਾ ਹੋ ਜਾਂਦਾ ਹੈ ,ਤੁਸੀ ਬਜ਼ੁਰਗ ਆਦਮੀ ਹੋ, ਇਹ ਨੌਜਵਾਨ ਮੁੰਡਾ ਹੈ, ਤੂੰ ਇਹਦੇ ਅੱਗੇ ਖੜਾ ਹੁੰਦਾ ਹੈਂ।"

ਮੀਆਂ ਮੀਰ ਤੋਂ ਨਹੀਂ ਰਿਹਾ ਗਿਆ ਮੀਆਂ ਮੀਰ ਕਹਿੰਦਾ ਹੈ, "ਫੇਰ ਪੁੱਛਦੇ ਹੋ, ਮੈਂ ਦੱਸਾਂ ਤੁਹਾਨੂੰ, ਓਹ ਜਿਸ ਵੇਲੇ ਮੈਂ ਦਰਗਾਹ ਵਿੱਚ ਜਾਂਦਾ ਹਾਂ, ਜਦੋਂ ਨੂਰ ਦੀ ਚਾਦਰ ਅੱਗੋਂ ਪੜਦਾ ਲਹਿੰਦਾ ਹੈ, ਮੈਨੂੰ ਇਹਦਾ ਦੀਦਾਰ ਹੁੰਦਾ ਹੈ।"

ਸਤਿਗੁਰੂ ਪੀਰਾਂ ਦਾ ਪੀਰ ਹੈ। ਫੇਰ ਉਹ ਅਮੀਰਾਂ ਦਾ ਅਮੀਰ ਹੈ। ਅਮੀਰ ਬਣਾਏ ਹੋਏ ਕੀਹਦੇ ਹਨ? ਅਮੀਰ ਪੈਦਾ ਕਿਥੋਂ ਹੁੰਦੇ ਹਨ?

ਭੂਰਿਆਂ ਵਾਲੇ ਜੱਟ ਰਾਜੇ ਕੀਤੇ,
ਮੁਗਲਾਂ ਜ਼ਹਿਰ ਪਿਆਲੇ ਪੀਤੇ।

ਗੁਰੂ ਹਰਗੋਬਿੰਦ ਸਾਹਿਬ ਕੋਲ ਆ ਕੈ ਢਿਡ ਵਜਾਇਆ ਹੈ-ਪਟਿਆਲਾ ਨਾਭਾ ਵਾਲਿਆਂ। ਜਾਉ "ਫੇਰ ਲਉ ਘੋੜਾ ਜਿਥੋਂ ਤੱਕ ਜੀ ਕਰਦਾ ਹੈ, ਜਾਓ ਤੁਹਾਡੇ ਜਮਨਾਂ ਤੇ ਘੋੜੇ ਪਾਣੀ ਪੀਣਗੇ।"

ਉਹ ਅਮੀਰਾਂ ਦਾ ਅਮੀਰ ਹੈ, ਅਮੀਰਾਂ ਨੂੰ ਬਨਾਉਣ ਵਾਲਾ ਹੈ ਸਤਿਗੁਰੂ-'ਮੀਰਾਨ ਮੀਰਹਿ'। ਦੋ ਤਲਵਾਰਾਂ ਜਿੰਨ੍ਹਾਂ ਨੇ ਬੱਧੀਆਂ, ਦੋ ਤਲਵਾਰਾਂ ਗਾਤਰੇ ਪਾਈਆਂ ਜਿਹੜਾ ਅਮੀਰੀ ਨੂੰ ਜਾਣਕੇ ਨਾ ਆਵੇ ਉਹ ਪੀਰੀ ਨੂੰ ਜਾਣਕੇ ਆਵੇ । ਜਿਹੜਾ ਪੀਰੀ ਨੂੰ ਜਾਣ ਕੇ ਆਵੇ- ਕੈਸਾ ਹੈ ਸਤਿਗੁਰੂ, ਜ਼ਰਾ ਇਤਿਹਾਸ ਪੜ੍ਹੋ ਤਾਂ ਪਤਾ ਲੱਗਦਾ ਹੈ- ਸਿੱਖ ਵੀ ਕਿਆ ਚੀਜ਼ ਹੈ?

ਸਾਹਿਬ ਦਿੱਲੀ ਜਾਂਦੇ ਹਨ। ਦਿੱਲੀ ਤੋਂ ਬਾਦਸ਼ਾਹ ਜਹਾਂਗੀਰ ਨਾਲ ਆਗਰੇ ਵੱਲ ਤੁਰ ਪੈਂਦੇ ਹਨ। ਜਹਾਂਗੀਰ ਦੇ ਚਿੱਤ 'ਚ ਆਉਂਦਾ ਹੈ, "ਲੋਕ ਇਹਨੂੰ ਸੱਚਾ ਪਾਤਸ਼ਾਹ ਕਿਉਂ ਕਹਿੰਦੇ ਹਨ?" ਇੱਕ ਜਗ੍ਹਾ ਜਾ ਕੇ ਰਸਤੇ ਦੇ ਵਿੱਚ ਤੰਬੂ ਲਗੇ ਹੋਏ ਹਨ, ਇੱਕ ਪਾਸੇ ਬਾਦਸ਼ਾਹ ਦਾ ਤੰਬੂ ਹੈ, ਇੱਕ ਪਾਸੇ ਗੁਰੂ ਸਾਹਿਬ ਦਾ ਤੰਬੂ ਹੈ। ਇੱਕ ਘਾਹੀ ਸਿੱਖ ਆਉਂਦਾ ਹੈ-ਜ਼ਰਾ ਸਿੱਖ ਵੱਲ ਵੀ ਵੇਖਣ ਦੀ ਲੋੜ ਹੈ, ਕਿ ਸਿੱਖ ਕੀਹਨੂੰ ਕਹੀਦਾ ਹੈ? ਅਸੀਂ ਸਾਰੇ ਹੀ ਦਾੜ੍ਹੀਆਂ ਕੇਸ ਰੱਖਕੇ-ਭਾਵੇਂ ਸਿੱਧੀਆਂ ਬੰਨ੍ਹ, ਭਾਵੇਂ ਟੇਢੀਆਂ ਬੰਨ੍ਹ ਲਈਏ- ਭਾਵੇਂ ਕਾਲੀਆਂ ਪਾ ਲਈਏ-ਭਾਵੇਂ ਚਿੱਟੀਆਂ- ਭਾਵੇਂ ਕਿਰਪਾਨ-ਭਾਵੇਂ ਮਾਲਾ-

ਸਿੱਖ ਕਹਾਵਣ ਕਠਿਨ ਹੈ, ਸਿਖੀ ਪੈਂਡਾ ਦੂਰ।
ਸਿੱਖੀ ਤਾਂ ਕੋ ਬਖਸ਼ੀਏ ਜੋ ਰਹੇ ਸਤਿਗੁਰ ਕੇ ਹਜ਼ੂਰ।

'ਸਤਿਗੁਰੂ ਦੇ ਹਜ਼ੂਰ' ਜਿਹੜਾ ਸਤਿਗੁਰੂ ਨੂੰ ਹਰ ਵਕਤ ਹਾਜ਼ਰ-ਨਾਜ਼ਰ ਜਾਣਦਾ ਹੈ-ਉਹ ਕਿਵੇਂ ਬੁਰਾ ਕਰ ਸਕਦਾ ਹੈ-ਕਿਸੇ ਦੀ ਚੀਜ ਕਿਵੇਂ ਚੁੱਕ ਸਕਦਾ ਹੈ- ਉਹ ਨਹੀ ਝਾਕਦਾ ਲਾਂਭੇ। ਉਹ ਨਿਸ਼ਚੇ ਵਾਲਾ ਸਤਿਗੁਰੂ ਦਾ ਸਿੱਖ ਪੰਜ ਪੈਸੇ ਲੈ ਕੇ ਆਉਂਦਾ ਹੈ। ਪਤਾ ਲੱਗਦਾ ਹੈ ਕਿ ਗੁਰੂ ਹਰਗੋਬਿੰਦ ਸਹਿਬ ਆਏ ਹਨ। ਗਿਆ, ਕਹਿਣ ਲੱਗਾ "ਸੱਚੇ ਪਾਤਸ਼ਾਹ ਦਾ ਤੰਬੂ ਕਿਹੜਾ ਹੈ?"

ਉਹ ਜਿਹੜੇ ਬਾਦਸ਼ਾਹ ਦੇ ਆਦਮੀ ਸਨ,ਉਨ੍ਹਾਂ ਆਖਿਆ ਬਾਦਸ਼ਾਹ ਨੂੰ ਕਹਿੰਦਾ ਹੋਣਾ ਹੈ, ਉਨ੍ਹਾਂ ਆਖਿਆ, "ਜੀ ਆਹ"। ਉਹ ਅੰਦਰ ਚਲਾ ਗਿਆ। ਕੋਲ ਰੰਬੀ ਤੇ ਤੰਗੜੀ ਪਕੜੀ ਹੋਈ ਹੈ, ਪੰਜ ਪੈਸੇ ਕੋਲ ਹਨ। ਜਾ ਕੇ ਅੱਗੇ ਮੱਥਾ ਟੇਕ ਕੇ ਨਮਸਕਾਰ ਕਰਦਾ ਹੈ-ਦਰਸ਼ਨ ਨਹੀਂ ਅੱਗੇ ਸਾਹਿਬਾਂ ਦਾ ਕੀਤਾ ਹੋਇਆ ਸੀ, ਇਹ ਤੇ ਪਤਾ ਸੀ ਕਿ ਬਾਦਸ਼ਾਹੀ ਠਾਠ ਵਿੱਚ ਰਹਿੰਦੇ ਹਨ। ਮੱਥਾ ਟੇਕਿਆ , ਬਾਦਸ਼ਾਹ ਕਹਿੰਦਾ ਹੈ, "ਆ ਬਈ ਕਿਸ ਤਰ੍ਹਾਂ ਆਇਆ ਹੈਂ?"

ਕਹਿੰਦਾ ਹੈ, "ਸੱਚੇ ਪਾਤਸ਼ਾਹ ਮੁਕਤੀ ਦਿਉ"।

ਬਾਦਸ਼ਾਹ ਨੂੰ ਪਤਾ ਲੱਗਿਆ ਇਹ ਤਾਂ ਕੋਈ ਗੁਰੂ ਦਾ ਸਿੱਖ ਹੈ। ਲੱਗਾ ਬਾਦਸ਼ਾਹ ਦੱਸਣ "ਭਾਈ ਮੁਕਤੀ ਤਾਂ ਸਾਡੇ ਕੋਲ ਨਹੀਂ, ਜੇ ਤੂੰ ਆਖੇਂ ਰੁਪਈਏ ਜਿੰਨੇ ਆਖੇਂ ਤੈਨੂੰ ਦੇ ਦਿੰਦੇ ਹਾਂ।"

ਉਸ ਆਖਿਆ, "ਮੈਨੂੰ ਨਹੀਂ ਲੋੜ"

ਅਖੀਰ ਬਾਦਸ਼ਾਹ ਨੇ ਆਖਿਆ "ਤੈਨੂੰ ਕਿਸੇ ਮੁਲਕ ਦਾ ਸੂਬਾ ਬਣਾ ਦਿੰਦੇ ਹਾਂ।"

ਅੱਗੋਂ ਪੈਸੇ ਚੁੱਕ ਲਏ, ਕਹਿੰਦਾ, "ਮੈਨੂੰ ਨਹੀਂ ਇਸ ਚੀਜ਼ ਦੀ ਲੋੜ"- ਚੁੱਕ ਕੇ ਤੁਰ ਪਿਆ। ਕਿਉਂਕਿ ਗੁਰੂ ਦਾ ਸਿੱਖ ਸੀ। ਦੀਵਾਨ ਨੰਦ ਲਾਲ ਜੀ ਕਹਿੰਦੇ ਹਨ।

**'ਹਜ਼ਾਰ ਖ਼ੁਲਦਿ ਬਰੀਂ ਰਾ,ਬ-ਨੀਮ ਜੌਂ,ਨ-ਖਰੰਦ (ਗਜ਼ਲ੩0)**

ਮੈਂ ਹਜ਼ਾਰ ਬਹਿਸ਼ਤਾਂ ਨੂੰ ਅੱਧੇ ਜੌਂ ਤੋਂ ਨਹੀਂ ਖ਼ਰੀਦਦਾ,ਗੁਰੂ ਗੋਬਿੰਦ ਸਿੰਘ-ਜਿੱਥੇ ਤੇਰਾ ਦਰਸ਼ਨ ਨਾ ਹੋਵੇ। ਸਿੱਖ ਦੀ ਇਹ ਚੀਜ਼ ਹੈ, ਸਿੱਖ ਦੀ ਇਹ ਤਾਰੀਫ ਹੈ-ਕਿ ਸਿੱਖ ਅਗਰ ਗੁਰੂ ਤੋਂ ਬਗੈਰ ਲਾਂਭੇ ਝਾਕਦਾ ਹੈ-

**ਜਿਨ੍ਹਾਂ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ॥ (ਪੰਨਾ-੧੩੮੪)**

ਜਹਾਂਗੀਰ ਦਾ ਮਾਣ ਟੁੱਟ ਗਿਆ, ਕਹਿੰਦਾ, "ਬਈ ਇਕ ਘਸਿਆਰਾ ਗੁਰੂ ਦਾ ਸਿੱਖ ਹੈ ਜਿਹਨੇ ਮੇਰੀ ਕੋਈ ਪਰਵਾਹ ਨਹੀਂ ਕੀਤੀ"।

ਸਾਹਿਬਾਂ ਦੇ ਚਰਨਾਂ ਵਿੱਚ ਜਾ ਕੇ ਮੱਥਾ ਟੇਕਦਾ ਹੈ, ਨਮਸਕਾਰ ਕਰਦਾ ਹੈ। ਬਾਦਸ਼ਾਹ ਨੇ ਆਖਿਆ, "ਮਹਾਰਾਜ ਮੇਰੀ ਇਹ ਗਲਤੀ ਸੀ, ਮੈਂ ਕਹਿੰਦਾ ਸੀ ਲੋਕ ਤੈਨੂੰ ਸੱਚਾ ਪਾਤਸ਼ਾਹ ਕਿਉਂ ਕਹਿੰਦੇ ਨੇ-ਤੂੰ ਜ਼ਰੂਰ ਸੱਚਾ ਹੀ ਪਾਤਸ਼ਾਹ ਹੈਂ।" ਉਹ ਅਮੀਰਾਂ ਦਾ ਅਮੀਰ ਹੈ ਗੁਰੂ, ਜਿਹਦੇ ਬਾਦਸ਼ਾਹ ਬਣਾਏ ਹੋਏ ਹਨ।

# ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ

## ਸਮਾਗਮ: ਵਿਸ਼ਵ ਹਿੰਦੂ ਪ੍ਰੀਸ਼ਦ

੩੦ ਮਈ ੨੦੧੮ ਸਥਾਨ ਸ੍ਰੀ ਭੈਣੀ ਸਾਹਿਬ

ਆਦਰਣੀਯ ਸ੍ਰੀ ਚੰਪਤ ਰਾਇ ਜੀ, ਸ੍ਰੀ ਕਰੁਣਾ ਪ੍ਰਕਾਸ਼ ਜੀ, ਸ੍ਰੀ ਲੇਖ ਰਾਜ ਜੀ, ਸ੍ਰੀ ਵਿਵੇਕਾਨੰਦ ਜੀ, ਸ੍ਰੀ ਗਜੇਂਦਰ ਜੀ, ਸ੍ਰੀ ਹਰਿੰਦਰ ਜੀ, ਸ੍ਰੀ ਦਇਆ ਸ਼ੰਕਰ ਜੀ ਔਰ ਬਾਹਰ ਸੇ ਆਏ ਅਤਿਥੀ-ਗਣ, ਵਿਸ਼ਵ ਹਿੰਦੂ ਪ੍ਰੀਸ਼ਦ ਕੇ ਡੈਲੀਗੇਟ ਔਰ ਸਤ ਸੰਗੀਓ, ਹਮੇਂ ਆਪ ਕਾ ਸ਼ਿਵਰ ਆਯੋਜਿਤ ਕਰਕੇ ਖੁਸ਼ੀ ਕੀ ਅਨੁਭੂਤੀ ਹੋ ਰਹੀ ਹੈ, ਜੋ ਆਪ ਨੇ ਹਮੇਂ ਸੇਵਾ ਕਾ ਅਵਸਰ ਦੀਆ ਹੈ। ਮੈਂ ਸਮਝਤਾ ਹੂੰ ਕਿ ਅਗਰ ਐਸੇ ਹੀ ਹਮ ਸਭ ਧਰਮੋਂ ਵਾਲੇ ਇਕੱਠੇ ਹੋ ਕੇ ਰਹੇਂ ਤੋ ਹਮਾਰੇ ਜੋ ਭੇਦ ਭਾਵ ਹੈਂ, ਸਭ ਖਤਮ ਹੋ ਜਾਤੇ ਹੈਂ। ਬਹੁਤ ਅੱਛਾ ਹੋਗਾ ਕਿ ਹਮਾਰੇ ਬਾਕੀ ਸਿੱਖ ਭਾਈ ਭੀ, ਇਸੀ ਤਰ੍ਹਾਂ ਸੇ ਇਕੱਠੇ ਹੋ ਕੇ ਏਕ ਸਾਥ ਬੈਠ ਜਾਏਂ ਤੋ ਹਮਾਰਾ ਕੋਈ ਭੇਦ-ਭਾਵ ਰਹਿਤਾ ਹੀ ਨਹੀਂ। ਜਬ ਆਜ (ਪ੍ਰੋਗ੍ਰਾਮ) ਸ਼ੁਰੂ ਕੀਆ ਤੋ ਆਪ ਲੋਗੋਂ ਨੇ ਹਮਾਰੇ ਸਾਥ ਜੈਕਾਰੇ ਗੂੰਜਾਏ। ਹਮ ਸੋਚੇਂ ਤੋਂ ਜੈਕਾਰੇ ਕਾ ਭਾਵ ਕਿਆ ਹੈ। ਯੇ ਜੈਕਾਰਾ ਸਿੱਖ ਕੇ ਲੀਏ ਹੈ, ਹਿੰਦੂ ਕੇ ਲੀਏ ਹੈ, ਮੁਸਲਮਾਨ ਕੇ ਲੀਏ ਹੈ ਯਾ ਸਭ ਕੇ ਲੀਏ ਹੈ। ਜੈਕਾਰੇ ਮੇਂ ਕਿਆ ਕਹਤੇ ਹੈ, 'ਜੋ ਬੋਲੇ ਸੋ ਨਿਹਾਲ'_ ਜੋ ਯੇ ਬੋਲਤਾ ਹੈ, ਵੋ ਨਿਹਾਲ ਹੋ ਜਾਤਾ ਹੈ, ਵੋ ਕਿਆ ਬੋਲਤਾ ਹੈ; 'ਸਤਿ ਸ੍ਰੀ ਅਕਾਲ'। ਵੋ ਅਕਾਲ ਪੁਰਖ ਸਤਯ ਹੈ, ਹਮਾਰਾ ਕਰਤਾ ਪੁਰਖ ਸਤਯ ਹੈ। ਯੇ ਤੋ ਅਟੱਲ ਸੱਤਯ ਹੈ।ਸਤਿ ਕੇ ਸਾਥ ਹਮ ਸਭ ਨੇ ਜੁੜਨਾ ਹੈ। ਹਮਾਰੇ ਰਾਸਤੇ ਅਲਗ-ਅਲਗ ਹੋ ਸਕਤੇ ਹੈਂ, ਪਰ ਹਮਨੇ ਪਹੁੰਚਨਾ ਏਕ ਜਗਹ ਪਰ ਹੀ ਹੈ। ਹਮਾਰੇ ਸਕੂਲ ਅਲਗ-ਅਲਗ ਹੋ ਸਕਤੇ ਹੈਂ, ਹਮਾਰੇ ਕਾਲਜੋਂ ਕੇ ਸਿਲੇਬਸ ਕਾ ਕੁਝ ਅੰਤਰ ਹੋ ਸਕਤਾ ਹੈ। ਬਾਤ ਕਰਤੇ ਹੈਂ, ਸੈਕੂਲਰਿਜ਼ਮ ਕੀ, ਮੈਂ ਤੋ ਕਹਿਤਾ ਹੂੰ ਕਿ ਧਰਮ ਮੇਂ ਸਭ ਸੇ ਬੜੀ ਸੈਕੂਲੈਰਿਟੀ ਹੈ, ਜਿਸਨੇ ਧਰਮ ਕੋ ਸਮਝ ਲੀਆ ਹੈ, ਵਹੀ ਆਪ ਕੋ ਸਮਝਾਇਆ ਜਾਤਾ ਹੈ, ਵਹੀ ਮੇਰੇ ਕੋ ਸਮਝਾਇਆ ਜਾਤਾ ਹੈ। ਸਤਯ ਕੇ ਕਿਤਨੇ ਰੂਪ ਹੈਂ? -ਵੋ ਸਤਯ ਏਕ ਹੀ ਹੈ।

ਅਵਿਨਾਸ਼ੀ ਕਿਆ ਹੈ? ਵੋ ਕੇਵਲ ਸੱਤਯ ਹੈ। ਜਿਸਨੇ ਵੋ ਸੱਤ ਕੋ ਪਹਿਚਾਨ ਲੀਆ, ਵੋ ਹੀ ਸਤਿ ਪੁਰਖ ਹੈ, ਵੋ ਹੀ ਸਤਿ ਹੈ, ਵੋ ਹੀ ਗੁਰੂ ਹੈ। ਬਾਕੀ ਜੋ ਕੁਛ ਭੀ ਦਿਖਤਾ ਹੈ ਵੋ ਸਭ ਵਿਨਾਸ਼ ਹੋਨੇ ਵਾਲਾ ਹੈ। ਏਕ ਬਾਰ ਸਤਿਗੁਰੂ ਜਗਜੀਤ ਸਿੰਘ ਜੀ ਜਾਪਾਨ ਮੇਂ ਗਏ, 1961 ਈ. ਮੇਂ। ਵਹਾਂ ਏਕ ਯੂਨੀਵਰਸਿਟੀ ਮੇਂ ਇਕੱਠ ਹੂਆ। ਵਹਾਂ ਵਿਦਿਆਰਥੀਓਂ ਨੇ ਏਕ ਸਵਾਲ ਪੂਛਾ ਕਿ ਵੋ ਕੌਨ ਸਾ ਧਰਮ ਹੈ ਜੋ ਸਭ ਕਾ ਸਾਂਝਾ ਹੈ? ਵਿਦਿਵਾਨੋਂ ਨੇ ਅਪਨੇ ਅਪਨੇ ਢੰਗ ਸੇ ਜਵਾਬ ਦੀਏ। ਲੇਕਿਨ ਸਤਿਗੁਰੂ ਜੀ ਨੇ ਕਹਾ ਕਿ ਸਭ ਕਾ ਸਾਂਝਾ ਧਰਮ ਕੇਵਲ ਸੱਚ ਹੈ।


ਕਭੀ-ਕਭੀ ਮਨ ਮੇਂ ਆਤਾ ਹੈ ਕਿ ਸ੍ਰੀ ਕਬੀਰ ਜੀ ਕੋ ਪ੍ਰਾਪਤੀ ਕਹਾਂ ਸੇ ਹੂਈ, ਰਾਮਾਨੰਦ ਜੀ ਸੇ ਹੂਈ, ਵੋ ਹਿੰਦੂ ਥੇ, ਕਬੀਰ ਜੀ ਕਾ ਏਕ ਮੁਸਲਿਮ ਘਰ ਮੇਂ ਜਨਮ ਹੂਆ, ਤੋ ਉਨ ਕੋ ਸਭ ਸੇ ਜ਼ਿਆਦਾ ਪੂਜਾ ਸਿੱਖੋਂ ਨੇ, ਤੋ ਧਰਮ ਕੀ ਹੱਦੇਂ ਕਹਾਂ ਰਹਿ ਗਈਂ, ਧਰਮ ਕੀ ਬਾਊਂਡਰੀ ਕਹਾਂ ਰਹਿ ਗਈ। ਜਿਨਹੋਂ ਨੇ ਸੱਚ ਪਹਿਚਾਨ ਲੀਆ, ਉਨਕੇ ਲੀਏ ਯੇ ਹੱਦੇਂ ਸਭ ਖਤਮ ਹੋ ਜਾਤੀ ਹੈਂ। ਸਭ ਸੇ ਬੜੀ ਹੱਦੇਂ ਖਤਮ ਕਰਨੇ ਵਾਲੀ ਹਮੇਂ ਸੈਕੂਲੈਰਿਟੀ ਕੋਈ ਸਿਖਾਤਾ ਹੈ ਤੋ ਵੋ ਮੇਰਾ ਧਰਮ ਸਿਖਲਾਤਾ ਹੈ। ਜੋ ਧਰਮ ਮੇਰੇ ਕੋ ਈਰਖਾ ਸਿਖਲਾਤਾ ਹੈ, ਜੋ ਮੇਰੇ ਕੋ ਦ੍ਵੈਸ਼ ਸਿਖਲਾਤਾ ਹੈ, ਉਸ ਧਰਮ ਕੋ ਮੈਂ ਮਾਨਤਾ ਹੀ ਨਹੀਂ। ਵੋ ਧਰਮ ਹੀ ਨਹੀਂ ਹੈ।ਜੋ ਪਰਮਾਤਮਾ ਹੈ, ਜੋ ਸਾਧੂ ਸੰਤ ਹੈ, ਜਿਸਕਾ ਚਿੱਤ ਅਨੰਦ ਹੋ ਜਾਤਾ ਹੈ ਜਿਸ ਕੇ ਅੰਦਰ ਸੇ ਬੈਰੀ ਮੀਤ ਕਾ ਅੰਤਰ ਖਤਮ ਹੋ ਜਾਤਾ ਹੈ, ਵੋ ਹੀ ਸਾਧੂ ਹੈ, ਵੋ ਹੀ ਹਮਾਰਾ ਟੀਚਾ ਹੈ, ਵੋ ਹੀ ਹਮ ਮਾਂਗਤੇ ਹੈਂ। ਹੇ ਭਗਵਾਨ ਵੋ ਚਾਹੇ ਆਪ ਭਗਵਾਨ ਸੇ ਮਾਂਗੋ, ਚਾਹੇ ਭਗਵਾਨ ਕ੍ਰਿਸ਼ਨ ਸੇ ਮਾਂਗੋ, ਚਾਹੇ ਗੁਰੂ ਨਾਨਕ ਸੇ ਮਾਂਗੋ, ਚਾਹੇ ਸਤਿਗੁਰੂ ਜਗਜੀਤ ਸਿੰਘ ਸੇ ਮਾਂਗੋ, ਵੋ ਬਾਤ ਤੋ ਏਕ ਹੀ ਹੈ, ਉਸ ਮੇਂ ਕੋਈ ਦ੍ਵੈਸ਼ ਨਹੀਂ ਹੈ।ਹਮਾਰੀ ਗੁਰਬਾਣੀ ਮੇਂ ਤੋਂ ਉਨਹੋਂ ਨੇ ਯੇ ਕਹਾ ਹੈ, ਤ੍ਰੇਤੇ ਮੇਂ ਆਪ ਭਗਵਾਨ ਰਾਮ ਕੇ ਰੂਪ ਮੇਂ ਆਏ, ਦੁਆਪਰ ਮੇਂ ਭਗਵਾਨ ਕ੍ਰਿਸ਼ਨ ਕੇ ਰੂਪ ਮੇਂ ਆਏ, ਕਲਿਜੁਗ ਮੇਂ ਆਪ ਗੁਰੂ ਨਾਨਕ ਕੇ ਰੂਪ ਮੇਂ, ਗੁਰੂ ਅੰਗਦ ਕੇ ਰੂਪ ਮੇਂ, ਗੁਰੂ ਅਮਰਦਾਸ ਕੇ ਰੂਪ ਮੇਂ ਆਏ, , ਵੋ ਅਟੱਲ ਹੈ, ਵੋ ਅਵਿਨਾਸ਼ੀ ਹੈ, ਵੋ ਅਲਗ-ਅਲਗ ਰੂਪ ਬਦਲਤਾ ਹੈ। ਉਨ ਮੇਂ ਕੋਈ ਫਰਕ ਨਹੀਂ ਹੈ, ਯੇ ਹਮਾਰਾ ਧਰਮ ਹੈ। ਮੈਂ ਬਾਤ ਕਰਤਾ ਹੂੰ, ਸਤਿਗੁਰੂ ਭਗਵਾਨ ਹਮੇਂ ਯੇ ਸ਼ਕਤੀ ਦੇ, ਹਮ ਸੱਚ ਪੇ ਚਲ ਸਕੇਂ, ਸੱਚ ਪੇ ਚਲਤੇ ਹੂਏ ਹਮ ਸੱਚ ਕੋ ਪਹਿਚਾਨ ਸਕੇਂ। ਹਮੇਂ ਯੇ ਨਿਰਭੈਤਾ ਦੇ ਕਿ ਹਮ ਸੱਚ ਬੋਲ ਸਕੇਂ, ਹਮੇਂ ਯੇ ਸ਼ਕਤੀ ਦੇ ਕਿ ਹਮ ਨਿਰਵੈਰ ਹੋ ਸਕੇਂ।ਸਤਿਗੁਰੂ ਪ੍ਰਤਾਪ ਸਿੰਘ ਜੀ ਕਹਾ ਕਰਤੇ ਥੇ ਕਿ ਸੇਵਾ ਯੇ ਨਹੀਂ ਕਿ ਮੈਨੇਂ ਅਪਨੇ ਭਾਈ ਭਤੀਜੇ ਕੀ ਕਰ ਦੀ। ਸੇਵਾ ਉਸਕੀ ਕਰੋ, ਜਿਸੇ ਕੋਈ ਜਾਨਤਾ ਨਹੀਂ, ਕੋਈ ਪਹਿਚਾਨਤਾ ਨਹੀਂ ਹੈ। ਉਸ ਕੀ ਸੇਵਾ ਕਰਕੇ, ਅਹਿਸਾਨ ਮਤ ਕਰੋ, ਉਸਕੀ ਸੇਵਾ ਕਰਕੇ ਉਸਕਾ ਧੰਨਜਵਾਦ ਕਰੋ ਕਿ ਆਪ ਨੇ ਮੁਝੇ ਸੇਵਾ ਕਰਨੇ ਕਾ ਅਵਸਰ ਦੀਆ। ਜੈਸੇ ਅਭੀ-ਅਭੀ ਇਨਹੋਂ ਨੇ ਕਹਾ ਕਿ ਮਾਨੁਸ਼ਯ ਕੀ ਸੇਵਾ ਕਰਨੇ ਮੇਂ ਭਗਵਾਨ ਕੀ ਸੇਵਾ ਹੈ।ਸੇਵਾ ਤੋ ਹਮ ਉਸਕੀ ਕਰਤੇ ਹੈਂ, ਜਿਸਕੋ ਜਰੂਰਤ ਨਹੀਂ ਹੈ। ਸੇਵਾ ਹਮ ਇਸ ਲੀਏ ਕਰਤੇ ਹੈਂ ਕਿ ਵੋ ਮੇਰਾ ਧੰਨਜਵਾਦ ਕਰੇਗਾ, ਉਸਸੇ ਹਮੇਂ ਕੁਛ ਮਿਲੇਗਾ। ਜਬ ਸੇਵਾ ਹਮ ਨਿਸ਼ਕਾਮ ਹੋ ਕੇ ਕਰਤੇ ਹੈਂ ਕਿਉਂਕਿ ਪ੍ਰਾਪਤੀ ਕਿਸੀ ਕੋ ਭਗਤੀ ਸੇ ਹੂਈ, ਔਰ ਕਈਓਂ ਨੇ ਸੇਵਾ ਕਰਕੇ ਪ੍ਰਾਪਤੀ ਕਰ ਲੀ। ਉਨਹੋਂ ਨੇ ਸੇਵਾ ਇਤਨੀ ਕੀ ਕਿ ਸੇਵਾ ਕਰਤੇ ਹੀ ਉਨਕੋ ਯੇ ਪ੍ਰਾਪਤੀ ਹੋ ਜਾਤੀ ਹੈ। ਜਿਸਕੇ ਅੰਦਰ ਵੋ ਸੱਚ ਕਾ ਵਾਸਾ ਹੋ ਜਾਤਾ ਹੈ, ਜਿਸਕੇ ਅੰਦਰ ਵੋ ਹਰੀ ਨਾਮ ਕਾ ਵਾਸਾ ਹੋ ਜਾਤਾ ਹੈ, ਵੋ ਹੀ ਪੂਰਨ ਹੈ, ਵੋ ਹੀ ਸਾਧੂ ਹੈ, ਵੋ ਹੀ ਸੰਤ ਹੈ। ਔਰ ਜੋ ਪਰਮਾਨੈਂਟ (ਸਦੀਵੀ) ਰਹਿਨੇ ਵਾਲਾ ਅਨੰਦ ਹੈ ਵੋ ਤੋ ਉਸਕੋ ਹੀ ਪ੍ਰਾਪਤ ਹੈ। ਮਾਇਆ ਕੇ ਜੋ ਅਨੰਦ ਹੈਂ, ਵੋ ਦੋ ਪਲ ਹੈ। ਯੇ ਅਨੰਦ ਨਾ ਹਮਾਰੇ ਸਾਥ ਆਏਂਗੇ, ਨਾ ਜਾਏਂਗੇ ਔਰ ਇਸ ਦੁਨੀਆਂ ਮੇਂ ਭੀ ਯੇ ਰਹਿਨੇ ਵਾਲੇ ਨਹੀਂ ਹੈਂ। ਸੁਖ-ਦੁਖ ਆਤੇ ਜਾਤੇ ਰਹਿਤੇ ਹੈਂ। ਜੋ ਰਹਿਨੇ ਵਾਲਾ ਹੈ ਹਮਾਰੇ ਸਾਥ ਵੋ ਹਰੀ ਕਾ ਨਾਮ ਹੈ।

ਆਪ ਸਭ ਲੋਗ ਯਹਾਂ ਇਕੱਠੇ ਹੂਏ, ਯੇ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਕੀ ਜਗਹ ਹੈ। ਸਤਿਗੁਰੂ ਜੀ ਕਿਰਪਾ ਕਰੇਂ, ਯਹਾਂ ਸੇ ਆਪ ਸੱਚ ਕੇ ਸਾਥ ਜੁੜੇਂ। ਆਪ ਨਿਰਭੈ ਹੋ ਕੇ, ਨਿਰਵੈਰ ਹੋ ਕੇ, ਆਪ ਇਸ ਦੇਸ਼ ਕੀ, ਮਾਨੁਸ਼ਯ ਮਾਤਰ ਕੀ ਸੇਵਾ ਕਰ ਸਕੇਂ, ਯੇ ਹੀ ਮੇਰੀ ਪ੍ਰਾਰਥਨਾ ਹੈ। ਮੈਂ ਏਕ ਬਾਰ ਆਪ ਕਾ ਧੰਨਜਵਾਦ ਕਰਤਾ ਹੂੰ, ਜੋ ਯਹਾਂ ਕੇ ਕਾਰਜ ਕਰਤਾ, ਰਛਪਾਲ ਸਿੰਘ ਜੀ, ਹਰਪਾਲ ਸਿੰਘ ਜੀ, ਔਰ ਜਿਨਹੋਂ ਨੇ ਸੇਵਾ ਕੀ ਉਨ ਸਭ ਕੀ ਤਰਫ ਸੇ, ਅਗਰ ਸੇਵਾ ਕਰਤੇ ਹੂਏ ਹਮਾਰੀ ਤਰਫ ਸੇ ਕੋਈ ਤਰੁਟੀ ਰਹਿ ਗਈ ਹੋ ਤੋ ਸ਼ਮਾ ਯਾਚਨਾ ਭੀ ਕਰਤਾ ਹੂੰ। ਇਤਨੀ ਬਾਤ ਕਰਕੇ ਆਪ ਸੇ ਆਗਿਆ ਲੇਤਾ ਹੂੰ

**-ਸਤਿ ਸ੍ਰੀ ਅਕਾਲ।**

# ਨਾਮਧਾਰੀ ਸਿੱਖ ਸੰਗਤਾਂ ਦਾ ਥਾਈਲੈਂਡ (ਸਿਆਮ) ਵੱਲ ਪ੍ਰਵਾਸ
## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਆਮ ਦੌਰਿਆਂ ਦਾ ਇਤਿਹਾਸ

-ਸੰਤ ਇਕਬਾਲ ਸਿੰਘ ਮਨਚੰਦਾ


ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਗਰੀਬ ਨਿਵਾਜ਼ ਸ੍ਰੀ ਸਤਿਗੁਰ ਪਰਤਾਪ ਸਿੰਘ ਜੀ ਦੇ ਦਰਸ਼ਨ ਆਪਣੇ ਜੀਵਨ ਵਿੱਚ ਪਹਿਲੀ ਵਾਰੀ ਬੰਕੋਕ (ਸਿਆਮ) ਵਿਖੇ ੧੦ ਜਨਵਰੀ ੧੯੩੪ ਨੂੰ ਬੁੱਧਵਾਰ ਵਾਲੇ ਦਿਨ ਕੀਤੇ। ਜੀਵਨ ਦੀਆਂ ਇਹ ਘੜੀਆਂ ਸਾਰੀ ਉਮਰ ਨਹੀਂ ਭੁੱਲਣੀਆਂ। ਉਹ ਦ੍ਰਿਸ਼ ਅੱਜ ਵੀ ਕਦੇ-ਕਦੇ ਅੱਖਾਂ ਸਾਹਵੇਂ ਜਦ ਯਾਦ ਆਉਂਦਾ ਹੈ ਤਾਂ ਨੇਤਰ ਸਜਲ ਹੋ ਜਾਂਦੇ ਹਨ। ਸਤਿਗੁਰ ਜੀ ਦਾ ਆਗਮਨ, ਇੱਕ ਵੱਡਾ ਜਲੂਸ, ਸੀਸ 'ਤੇ ਸੁਨਹਿਰੀ ਛਤਰ, ਨਾਲ ਆਏ ਪੂਜਨੀਕ ਮਾਤਾ ਜੀਵਨ ਕੌਰ ਜੀ (ਸ੍ਰੀ ਸਤਿਗੁਰੂ ਜੀ ਦੇ ਮਾਤਾ ਜੀ) ਦੇ ਦਰਸ਼ਨ, ਚੱਕਰਵਰਤੀ ਜੀ, ਸੰਤ ਹਜ਼ੂਰਾ ਸਿੰਘ ਭੂਰੀ ਵਾਲੇ, ਜਥੇਦਾਰ ਫੌਜਾ ਸਿੰਘ ਜੀ, ਮਹੰਤ ਇੰਦਰ ਸਿੰਘ ਢੋਲਕਈਏ, ਸੰਤ ਦਰਸ਼ਨ ਸਿੰਘ, ਖ਼ਜ਼ਾਨ ਸਿੰਘ ਹਜ਼ੂਰੀ ਰਾਗੀ, ਹਜ਼ੂਰੀ ਸੇਵਕ ਭਾਈ ਵਜ਼ੀਰ ਸਿੰਘ, ਸੰਤ ਬਹਾਦਰ ਸਿੰਘ, ਲਾਂਗਰੀ ਕਿਰਪਾ ਸਿੰਘ ਤੇ ਹੋਰ ਸੇਵਕਾਂ ਦੇ ਦਰਸ਼ਨ ਕਰਕੇ ਮਨ ਵਿੱਚ ਚਾਅ ਪੈਦਾ ਹੋਇਆ। ਮੇਰੀ ਉਮਰ ਉਸ ਵੇਲੇ ੧੪ ਸਾਲ ਤੋਂ ਕੁਝ ਉੱਪਰ ਸੀ ਤੇ ਉਸ ਵੇਲੇ ਦੇ ਲੱਗੇ ਦੀਵਾਨ ਜੋ 'ਆਲਿਮ ਜੀ' ਤੇ ਰਾਗੀ ਸਿੰਘਾਂ ਨੇ ਮਿਲਕੇ ਲਾਏ। ਉਨ੍ਹਾਂ ਵਿੱਚੋਂ ਅੱਜ ਵੀ ਕਈ ਸ਼ਬਦ ਯਾਦ ਨੇ ਜੋ ਇਸ ਪ੍ਰਕਾਰ ਹਨ:- 'ਸੋਹਿਅੜੇ ਬੰਕ ਦੁਵਾਰੇ', 'ਮੋਹਨ ਪ੍ਰਾਨ ਮਾਨ ਰਗੀਲਾ' ਜੋ ਹਿੰਦੂ ਸਭਾ ਵਿਖੇ ਇਸੇ ਤੁਕ ਦੇ ਅਧਾਰ 'ਤੇ ਕੀਰਤਨ ਹੋਇਆ। ਉਸ ਵੇਲੇ ਬੰਕੋਕ ਦੇ ਕਵੀਆਂ ਵੱਲੋਂ ਇੱਕ ਹੱਥ-ਲਿਖਤ ਟ੍ਰੈਕਟ 'ਪੁਸ਼ਪ-ਭੇਂਟ' ਛਾਪ ਕੇ ਵੰਡਿਆ ਗਿਆ ਜਿਸ ਵਿੱਚ ਬੰਕੋਕ ਦੇ ਅਨੇਕਾਂ ਕਵੀਆਂ ਦੀਆਂ ਕਵਿਤਾਵਾਂ ਸਨ। ਇਨ੍ਹਾਂ ਦੇ ਨਾਮ ਕੁਝ ਯਾਦ ਹਨ, ਉਹ ਇਸ ਪ੍ਰਕਾਰ ਹਨ: ਸੇਠ ਗੁਰਬਖਸ਼ ਸਿੰਘ 'ਪ੍ਰੀਤਮ', ਸੰਤ ਸੁਹੇਲ ਸਿੰਘ 'ਧੀਰ', ਸੰਤ ਕਿਰਪਾਲ ਸਿੰਘ 'ਰਮਲੀ' (ਸਪੁੱਤਰ ਸੰਤ ਧਿਆਨ ਸਿੰਘ), ਸੰਤ ਖ਼ਜ਼ਾਨ ਸਿੰਘ ਇਨਸਾਫ਼, ਸੰਤ ਭਗਤ ਸਿੰਘ 'ਪ੍ਰੇਮੀ', ਸੰਤ ਈਸ਼ਰ ਸਿੰਘ 'ਦਲੇਰ', ਸੰਤ ਬਾਲ ਸਿੰਘ 'ਸੇਠੀ', ਸ. ਨਰੈਣ ਸਿੰਘ 'ਚੜ੍ਹਿੱਕ', ਸੰਤ ਪਰਤਾਪ ਸਿੰਘ 'ਮਸਤਾਨਾ', ਸੰਤ ਤਖ਼ਤ ਸਿੰਘ ਕੰਵਲ-ਨੈਣ ਅਤੇ ਬਾਊ ਗੁਰਚਰਨ ਸਿੰਘ। ਇਹ ਟ੍ਰੈਕਟ ਸਤਿਗੁਰ ਜੀ ਪ੍ਰਤੀ 'ਜੀਓ ਆਇਆਂ' ਸ਼ਬਦ ਕਹਿਣ ਹਿੱਤ ਛਾਪ ਕੇ ਸੰਗਤ ਵਿੱਚ ਵੰਡਿਆ ਗਿਆ। ਇਹ ਹੱਥ-ਲਿਖਤ ਸੀ ਤੇ ਇਸਦਾ ਬਹੁਤਾ ਹਿੱਸਾ ਬਾਊ ਗੁਰਚਰਨ ਸਿੰਘ ਸਪੁੱਤਰ ਧਿਆਨ ਸਿੰਘ ਦਾ ਸੀ ਜਿਨ੍ਹਾਂ ਦੀ ਲਿਖਾਵਟ ਬਹੁਤ ਸੁੰਦਰ ਸੀ। ਸ੍ਰੀ ਸਤਿਗੁਰੂ ਜੀ ਵਾਪਸ ਦੇਸ਼ ਬੁੱਧਵਾਰ ਗੱਡੀ ਰਾਹੀਂ ਪੀਨਾਂਗ ਰਸਤੇ ੨੪ ਜਨਵਰੀ ਨੂੰ ਗਏ ਤੇ ਮਾਤਾ ਜੀ ਤੇ ਹੋਰ ਸਾਥ ਕਈ ਸਰੀਰ ਦੂਜੇ ਰਸਤੇ ਬਰਮਾ ਦੀ ਹੱਦ ਤੋਂ ਪਾਰ ਹੋ ਕੇ ਰੰਗੂਨ ਪਹੁੰਚਕੇ ਸਭ ਇਕੱਠੇ ਸਮੁੰਦਰੀ ਜਹਾਜ਼ ਰਾਹੀਂ ਦੇਸ਼ (ਕਲਕੱਤੇ) ਪਹੁੰਚੇ। ਸਤਿਗੁਰੂ ਜੀ ਦੇ ਇਸ ਦੌਰੇ ਤੋਂ ਬਾਅਦ ਇੱਥੇ ਕੀਰਤਨ ਦਾ ਪਰਵਾਹ ਹੋਰ ਵੀ ਜ਼ੋਰਾਂ 'ਤੇ ਹੋ ਗਿਆ। ਕੀਰਤਨ ਕਰਨ ਵਾਲੇ ਸੰਤ ਕਰਤਾਰ ਸਿੰਘ ਜੀ ਨਰੂਲਾ, ਸੰਤ ਦਾਨ ਸਿੰਘ 'ਤਾਂਘੀ', ਸੰਤ ਸੁੰਦਰ ਸਿੰਘ 'ਸੇਵਕ', ਸੰਤ ਨਿਹਾਲ ਸਿੰਘ ਗੋਰੋਵਾੜਾ, ਸੰਤ ਨਿਹਾਲ ਸਿੰਘ ਚਾਵਲਾ ਸਨ ਜੋ ਵਾਰੋ ਵਾਰੀ ਕੀਰਤਨ ਕਰਦੇ ਪਰ ਬਹੁਤਾ ਸਮਾਂ ਕੀਰਤਨ ਕਰਨ ਦਾ ਸੰਤ ਕੇਸਰ ਸਿੰਘ ਜੀ ਤੇ ਸੰਤ ਪਰਤਾਪ ਸਿੰਘ ਮਸਤਾਨਾ ਜੀ(ਮਸਤਾਨਗੜ੍ਹ, ਸਿਰਸਾ) ਇਹਨਾਂ ਦੇ ਨਾਮ 'ਤੇ ਹੀ ਆਬਾਦ ਹੈ) ਨੂੰ ਮਿਲਦਾ। ਇਨ੍ਹਾਂ ਦੇ ਨਾਲ ਜਿਹੜੇ ਸਿੱਖ ਜਥੇ ਹੁੰਦੇ, ਉਨ੍ਹਾਂ ਵਿੱਚੋਂ ਕੁਝ ਕੁ ਦੇ ਨਾਮ ਇਸ ਪ੍ਰਕਾਰ ਹਨ: ਸੰਤ ਸੁੰਦਰ ਸਿੰਘ ਵਾਜੇ ਵਾਲੇ, ਸੰਤ ਦਿਆਲ ਸਿੰਘ ਢੋਲਕ ਵਾਲੇ, ਸੇਠ ਨਰੈਣ ਸਿੰਘ ਬੀਰ, ਸੇਠ ਗੁਰਬਖਸ਼ ਸਿੰਘ ਜੀ, ਸ. ਭਗਤ ਸਿੰਘ ਪ੍ਰੇਮੀ, ਸੰਤ ਤਖ਼ਤ ਸਿੰਘ ਸੇਖਵਾ, ਸ. ਲਾਭ ਸਿੰਘ ਸੇਠੀ, ਪ੍ਰੀਤਮ ਸਿੰਘ ਜੀ 'ਕੂਕਾ', ਕਿਰਪਾਲ ਸਿੰਘ ਮਨਚੰਦਾ, ਸੁਰਜੀਤ ਸਿੰਘ ਚਾਵਲਾ, ਪਿਆਰਾ ਸਿੰਘ ਰਤੀ ਠੱਟ (ਜ਼ਿਲ੍ਹਾ ਸ਼ੇਖੂਪੁਰਾ), ਸੰਤ ਕਰਤਾਰ ਸਿੰਘ 'ਰਮਲੀ', ਸੰਤ ਕਰਤਾਰ ਸਿੰਘ ਚਾਵਲਾ, ਪੰਡਿਤ ਹਰੀ ਸਿੰਘ ਵਰਨ ਤੇ ਇਕਬਾਲ ਸਿੰਘ ਮਨਚੰਦਾ ਤੇ ਕੁਝ ਹੋਰ ਸਰੀਰ ਵੀ ਹੁੰਦੇ ਜਿਨ੍ਹਾਂ ਦੇ ਨਾਮ ਯਾਦ ਨਹੀਂ ਆ ਰਹੇ। ਇੱਥੇ ਬਹੁਤ ਸਾਲਾਂ ਤੋਂ ਸੰਗਤ ਵੱਲੋਂ ਹਰ ਮਹੀਨੇ ਇੱਕ ਅਖੰਡ ਪਾਠ ਰੱਖਿਆ ਜਾਂਦਾ ਸੀ ਜੋ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਨਮਿੱਤ ਹੁੰਦਾ ਸੀ। ਇਸ ਵਿੱਚ ਇਹ ਪਾਠੀ ਸਿੰਘ, ਧੂਪੀਏ, ਪਹਿਰੇਦਾਰ ਤੇ ਸੇਵਾਦਾਰ ਹਿੱਸਾ ਲੈਂਦੇ ਜੋ ਨਾਮ ਯਾਦ ਹਨ ਉਹ ਇਸ ਪ੍ਰਕਾਰ ਹਨ: ਸੰਤ ਖੜਕ ਸਿੰਘ, ਸੰਤ ਵਜੀਰ ਸਿੰਘ 'ਕੁਮਾਰ', ਸੰਤ ਦਿਆਲ ਸਿੰਘ ਮਨਚੰਦਾ, ਸੰਤ ਨਿਹਾਲ ਸਿੰਘ ਚਾਵਲਾ, ਸੰਤ ਭਗਤ ਸਿੰਘ 'ਪ੍ਰੇਮੀ', ਸੰਤ ਕਿਰਪਾਲ ਸਿੰਘ 'ਰਮਲੀ' ਤੇ ਸੇਠ ਗੁਰਬਖਸ਼ ਸਿੰਘ 'ਪ੍ਰੀਤਮ'। ਇਹ ਪਾਠੀ ਹੁੰਦੇ ਤੇ ਧੂਪੀਏ ਸੇਠ ਸੁਹੇਲ ਸਿੰਘ 'ਧੀਰ', ਬਾਲ ਸਿੰਘ ਸੇਠੀ, ਤਖ਼ਤ ਸਿੰਘ ਜਰਗਰ, ਦਿਆਲ ਸਿੰਘ ਸਚਦੇਵਾ, ਪ੍ਰੀਤਮ ਸਿੰਘ 'ਕੂਕਾ' ਆਦਿਕ ਹੁੰਦੇ ਤੇ ਹੋਰ ਸੇਵਾਦਾਰ ਸ. ਗਿਆਨ ਸਿੰਘ ਕੁਕਰੇਜਾ, ਭੋਲਾ ਸਿੰਘ ਕੁਕਰੇਜਾ, ਲਾਲਾ ਸਿੰਘ ਕੱਕੜਾਂ ਦਾ ਤੇ ਹੋਰ ਸਾਧ ਵੀ ਸੇਵਾ ਕਰਦੇ। ਸੰਤ ਫੂਲਾ ਸਿੰਘ ਜੀ, ਸੰਤ ਪਰਤਾਪ ਸਿੰਘ ਮਸਤਾਨਾ, ਸੰਤ ਕੇਸਰ ਸਿੰਘ, ਸੰਤ ਈਸ਼ਰ ਸਿੰਘ ਮਨਚੰਦਾ ਤੇ ਸੰਤ ਨਿਹਾਲ ਸਿੰਘ ਰੱਤੀਠੱਟ ਵਾਲੇ ਨਾਲ ਸੇਵਾ ਵਿੱਚ ਹੱਥ ਵਟਾਉਂਦੇ। (ਖ਼ਾਸ ਨੋਟ: ਸ੍ਰੀ ਸਤਿਗੁਰੂ ਜੀ ਦੇ ਸੰਨ ੧੯੩੪ ਦੇ ਦੌਰੇ ਦਾ ਹਾਲ ਲਿਖਦਿਆਂ ਇਹ ਛੁੱਡ ਗਿਆ। ਸੰਨ ੧੯੩੩ ਵਿੱਚ ਸ੍ਰੀ ਹਜ਼ੂਰ ਜੀ ਦੇ ਚਰਨਾਂ ਵਿੱਚ ਬੰਕੋਕ ਦਰਸ਼ਨ ਦੇਣ ਲਈ ਅਰਦਾਸ ਤੇ ਇੱਕ ਹੋਰ ਬੇਨਤੀ ਤਾਰ ਰਾਹੀਂ ਲਿਖ ਭੇਜੀ ਸੀ ਤੇ ਗਰੀਬ ਨਿਵਾਜ਼ ਜੀ ਵੱਲੋਂ ਪ੍ਰਵਾਨਗੀ ਦੀ ਤਾਰ ਆਉਣ 'ਤੇ ਸਾਧ-ਸੰਗਤ ਵਿੱਚ ਖ਼ੁਸ਼ੀ ਦੀ

ਅਤੇ ਉਸ ਦਿਨ ਖ਼ਾਸ ਦੀਵਾਨ ਰੱਖਿਆ ਗਿਆ ਜਿਸ ਵਿੱਚ ਇੱਕ ਗ਼ੈਰ ਨਾਮਧਾਰੀ ਵੀਰ ਸ. ਕੁੰਦਨ ਸਿੰਘ ਨੇ ਖ਼ੁਸ਼ੀ ਵਿੱਚ ਇਕ ਗੀਤ ਗਾਇਆ ਸੀ ਜਿਸ ਦੇ ਅੱਖਰ ਇਉਂ ਸਨ "ਅੱਜ ਸਤਿਗੁਰ ਦੀ ਤਾਰ ਆਈ, ਅਸੀਂ ਰਲ ਕੇ ਖ਼ੁਸ਼ੀਆਂਮਨਾਵਾਂਗੇ"। ਘਰ-ਘਰ ਭਗਉਤੀਆਂ ਦੇ ਪਾਠ ਹੁੰਦੇ, ਸਾਧ-ਸੰਗਤ ਰੋਜ਼ ਵਰਨੀ ਕਰਦੀ ਤੇ ਨੌਜਵਾਨ ਸਿੰਘ ਰੋਜ਼ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ। ਰਾਤ ਦਾ ਕੀਰਤਨ ਹਰ ਮੰਗਲਵਾਰ ਤੇ ਸ਼ੁੱਕਰਵਾਰ ਵਾਲੇ ਦਿਨ ਹੁੰਦਾ ਸੀ ਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਇਹ ਸ਼ੁੱਕਰਵਾਰ ਦਾ ਦਿਨ ਵੀਰਵਾਰ ਵਾਲੇ ਦਿਨ ਬਦਲੀ ਕੀਤਾ ਗਿਆ ਸੀ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਸੰਗਤ ਵੱਲੋਂ ਆਉ-ਭਗਤ ਦਾ ਜਲੂਸ ਅਤੇ ਹੋਰ ਸ਼੍ਰੇਣੀਆਂ ਵੱਲੋਂ ਕੱਢੀਆਂ ਪਿਆਰ-ਝਾਕੀਆਂ ਕਦੇ ਨਹੀਂ ਭੁੱਲਣੀਆਂ। ਇਨ੍ਹਾਂ ਬਾਰੇ ਕੁਝ ਕੁ ਹਾਲ 'ਸਤਿਜੁਗ' ਦੇ ਸਿਆਮ ਅੰਕ ਵਿੱਚ ਲਿਖੇ ਹੋਏ ਹਨ। ਬੰਕੋਕ ਦੇ ਕੀਰਤਨ ਦਾ ਹਾਲ ਸਾਧ-ਸੰਗਤ ਦਾ ਪ੍ਰੇਮ ਲਿਖ ਰਿਹਾ ਸਾਂ ਜੋ ਗੁਰਪੁਰਬਾਂ ਸਮੇਂ ਦੇਖਿਆ। ਕਵੀ ਦਰਬਾਰ ਵੀ ਹੁੰਦੇ ਤੇ ਸਾਧ ਸੰਗਤ ਵਿੱਚ ਹੋਰ ਵੀ ਉਤਸ਼ਾਹ ਵਧਦਾ ਤੇ ਕਦੇ-ਕਦਾਈਂ ਸਾਧ-ਸੰਗਤ ਵਿੱਚ ਖਲੋਕੇ ਸੰਤ ਹਰਨਾਮ ਸਿੰਘ ਬੌਰੇ ਪਿਆਰੇ, ਸੰਤ ਦਾਨ ਸਿੰਘ 'ਤਾਂਘੀ' ਦੋਵੇਂ ਇਹ ਕਵਿਤਾ ਸੁਣਾਉਂਦੇ ਜਿਸ ਦੇ ਸ਼ੁਰੂ ਦੇ ਬੈਂਤ ਕੁਝ ਕੁ ਯਾਦ ਰਹਿ ਗਏ ਹਨ ਜੋ ਇਸ ਪ੍ਰਕਾਰ ਹਨ:ਅਸਾਂ ਪੰਥ ਰਚਿਆ ਗੁਰੂ ਖਾਲਸਾ ਜੀ, ਬਲੀ ਜੋਧੇ ਵੀਰ ਕਹਾਵੈਂਗੇ। ਪੰਜੇ ਬਾਣੀ ਦਾ ਨਿਤ ਹੀ ਨੇਮ ਕਰਸਨ, ਪੰਜੇ ਮੇਰਾ ਹੀ ਰੂਪ ਸਦਾਵੈਂਗੇ। ਮਾਇਆ ਨਾਗਨੀ ਡੰਗ ਚਲਾਊ ਜਦੋਂ, ਦੁਖ ਖ਼ਾਲਸਾ ਸੀਸ ਉਠਾਵੈਂਗੇ। ਇਕ ਖ਼ਾਲਸਾ ਪੰਥ ਮਲੇਛ ਹੋਊ, ਉਚ ਨੀਚ ਕੋ ਬੀਚ ਮਿਲਾਵੈਂਗੇ।

ਇਸ ਤਰ੍ਹਾਂ ਇਹ ਰਾਗ ਵਿੱਚ ਪੜ੍ਹਕੇ ਸੁਣਾਉਂਦੇ ਸੀ, ਮੇਰੇ ਮਨ ਵਿੱਚ ਸ਼ੌਕ ਪੈਦਾ ਹੋਇਆ ਕਿ ਸਾਧ-ਸੰਗਤ ਵਿੱਚ ਖਲੋ ਕੇ ਗੀਤ ਸੁਣਾਇਆ ਜਾਵੇ। ਸੋ ਇੱਕ ਦਿਨ ਅਖੰਡ ਪਾਠ ਦੇ ਭੋਗ ਵੇਲੇ ਮੈਨੂੰ ਸਮਾਂ ਮਿਲਿਆ ਤਾਂ ਮੈਂ ਖਲੋਕੇ ਇਹ ਗੀਤ ਗਾਇਆ ਸੀ:-"ਸਦਾ ਤਰਸ ਰਿਹਾ ਮਨ ਮੇਰਾ, ਗੁਰੂ ਜੀ ਤੇਰੇ ਦਰਸ਼ਨ ਨੂੰ"। ਉਨ੍ਹਾਂ ਦਿਨਾਂ ਵਿੱਚ ਆਪਣਾ ਨਾਮਧਾਰੀ ਸਕੂਲ ਕਿਸੇ ਕਾਰਨ ਬੰਦ ਪਿਆ ਸੀ ਤੇ ਅਸੀਂ ਛੋਟੇ ਬੱਚੇ ਖ਼ਾਲਸਾ ਸਕੂਲ ਵਿੱਚ ਪੜ੍ਹਦੇ ਸੀ। ਸਕੂਲ ਦੀ ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲਾਂ ਸਿੰਘ ਸਭਾ ਦਾ ਗ੍ਰੰਥੀ ਸਭ ਬੱਚਿਆਂ ਨੂੰ ਗੁਰਦੁਆਰੇ ਜਾ ਕੇ ਇੱਕ ਸ਼ਬਦ ਦਾ ਕੀਰਤਨ ਕਰਵਾਉਂਦਾ ਸੀ ਤੇ ਇਸ ਕਾਰਣ ਮੇਰੇ ਵੱਡੇ ਭਰਾ (ਸੰਤ ਕਿਰਪਾਲ ਸਿੰਘ ਜੀ) ਨੂੰ ਉੱਥੇ ਸ਼ਬਦ ਸੁਣਾਉਣ ਦਾ ਮੌਕਾ ਮਿਲਦਾ ਰਹਿੰਦਾ ਸੀ ਕਿਉਂਕਿ ਆਪਦੇ ਗਲੇ ਦਾ ਸੁਰ ਬਹੁਤ ਮਿੱਠਾ ਸੀ ਤੇ ਥੋੜ੍ਹਾ-ਬਾਹਲਾ ਹਰਮੋਨੀਅਮ ਵੀ ਵਜਾ ਲੈਂਦੇ ਸੀ। ਸੋ ਜਦ ਮੈਂ ਇਹ ਗੀਤ ਪੜ੍ਹਿਆ ਤਾਂ ਉਸ ਵੇਲੇ ਸੇਠ ਨਰੈਣ ਸਿੰਘ ਜੀ ਬੀਰ ਨੇ ਇਨਾਮ ਵਜੋਂ ਮੈਨੂੰ ਕੀਰਤਨ ਸ਼ਬਦਾਂ ਦਾ ਸੁੰਦਰ ਗੁਟਕਾ ਦਿੱਤਾ ਸੀ। ਅਖੰਡ ਪਾਠ ਦਾ ਭੋਗ ਹਰ ਮਹੀਨੇ ਦੀ ਅਖ਼ੀਰਲੀ ਤਾਰੀਕ ਵਾਲੇ ਦਿਨ ਹੁੰਦਾ ਸੀ ਤੇ ਉਸ ਤੋਂ ਬਾਅਦ ਕੀਰਤਨ ਹੁੰਦਾ ਜਿਸ ਤੋਂ ਬਾਅਦ ਕਦੇ-ਕਦਾਈਂ ਰਸ ਆਉਣ 'ਤੇ ਦੁਪਹਿਰ ਵੇਲੇ ਬਾਲਾਂ ਦਾ ਟਾਈਮ ਵੀ ਹੋ ਜਾਂਦਾ।

ਇਨ੍ਹਾਂ ਦਿਨਾਂ ਵਿੱਚ ਘਰੋਗੀ ਮਾਇਕ ਹਾਲਤ ਕਰਕੇ ਸਕੂਲ ਦੀ ਪੜ੍ਹਾਈ ੧੩-੧੪ ਸਾਲ ਦੀ ਉਮਰ ਵਿੱਚ ਹੀ ਛੱਡ ਦਿੱਤੀ ਸੀ ਤੇ ਨੌਕਰੀ ਕਰਦਾ ਸਾਂ ਪਰੰਤੂ ਸਾਧਸੰਗਤ ਵਿੱਚ ਜਾਣਾ ਤੇ ਕੀਰਤਨ ਦਾ ਸਾਥ ਦੇਣਾ ਇਹ ਮਨ ਦਾ ਸੁਭਾਅ ਉਸੇ ਤਰ੍ਹਾਂ ਕਾਇਮ ਸੀ। ਇਨ੍ਹਾਂ ਦਿਨਾਂ ਵਿੱਚ ਰਾਤ ਦਾ ਕੀਰਤਨ ਸੰਤ ਪਰਤਾਪ ਸਿੰਘ ਜੀ ਮਸਤਾਨਾ ਤੇ ਸੰਤ ਕੇਸਰ ਸਿੰਘ ਦੀ ਅਗਵਾਈ ਹੇਠ ਹੁੰਦਾ ਤਾਂ ਇਸਦਾ ਰਸ ਉਹ ਹੀ ਜਾਣਦਾ ਹੈ ਜਿਨ੍ਹਾਂ ਨੇ ਇਹ ਸਮਾਂ ਵੇਖਿਆ ਹੋਇਆ ਹੈ। ਰਾਤ ਜਦ ਬਾਰਾਂ ਵੱਜ ਜਾਣੇ ਤਾਂ ਕਿਸੇ ਵੇਲੇ ਧਰਮਸ਼ਾਲਾ ਦੀ ਘੜੀ ਨੂੰ ਖੜ੍ਹਾ ਦੇਣਾ (ਉਹਨਾਂ ਦਿਨਾਂ ਵਿੱਚ ਹੱਥ (ਗੁੱਟ) ਘੜੀਆਂ ਨਹੀਂ ਸੀ ਹੁੰਦੀਆਂ) ਮਤਾਂ ਕੋਈ ਕਾਹਲ ਨਾ ਪੈ ਜਾਏ। ਬਾਹਲਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਯਾਦ ਵਿੱਚ ਵੈਰਾਗ ਭਰਿਆ ਹੁੰਦਾ ਤੇ ਰਾਤ ਦੇ ਦੋ ਤਿੰਨ ਵਜੇ ਤੱਕ ਭੋਗ ਪੈਣਾ। ਸਤਿਗੁਰੂ ਜੀ ਦੀ ਪਹਿਲੀ ਸਿਆਮ ਫੇਰੀ ਤੋਂ ਕੁਝ ਚਿਰ ਬਾਅਦ ਸੰਤ ਇੰਦਰ ਸਿੰਘ ਫਿਲੌਕੀ ਨਿਵਾਸੀ ਨਾਮਧਾਰੀ ਪ੍ਰਚਾਰਕ ਦੇ ਰੂਪ ਵਿੱਚ ਗਏ ਤੇ ਨਾਲ ਢੋਲਕੀ ਵਾਲਾ ਸਿੱਖ ਲਿਆਏ ਜਿਸ ਦਾ ਨਾਮ ਦਲੀਪ ਸਿੰਘ ਸੀ, ਜੋ ਕਿ ਅੱਜ ਕੱਲ੍ਹ ਹਿਸਾਰ ਵੱਸਦਾ ਹੈ। ਇਹਨਾਂ ਇੱਥੇ ਤਿੰਨ-ਚਾਰ ਮਹੀਨੇ ਦੀਵਾਨ ਲਾਏ ਤੇ ਚੋਖਾ ਚਿਰ ਵਿਆਖਿਆ ਕਰਦੇ। ਆਪ ਜੀ ਦਾ ਸੁਰ-ਤਾਲ ਵੀ ਐਨਾ ਵਧੀਆ ਨਹੀਂ ਸੀ ਪਰ ਆਪ ਜੀ ਨੇ ਭਜਨ ਬਾਣੀ ਬੜਾ ਕੀਤਾ ਹੋਇਆ ਸੀ ਜਿਸ ਨਾਲ ਸਾਧ-ਸੰਗਤ ਨੇ ਆਪ ਜੀ ਨੂੰ ਕਾਫੀ ਮਾਣ ਦਿੱਤਾ। ਮੇਰੇ ਵੱਡੇ ਭਰਾ ਸੰਤ ਕਿਰਪਾਲ ਸਿੰਘ ਮਨਚੰਦਾ ਦਾ ਆਨੰਦ-ਕਾਰਜ ਸੰਨ ੧੯੩੭ ਦੇ ਸ਼ੇਖ਼ੂਪੁਰਾ ਬੇਦਾਦ ਦੇ ਹੋਲੇ ਸਮੇਂ ਹੋਇਆ ਸੀ। ਆਪ ਜੀ ਨੂੰ ਕੀਰਤਨ ਕਰਨ ਤੇ ਸੁਣਨ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦੱਸਿਆ ਕਿ ਉੱਥੇ ਹੋਲੇ 'ਤੇ ਜਥੇਦਾਰ ਅਤਰ ਸਿੰਘ (ਸੰਭੜਿਆਲ) ਦਾ ਦੀਵਾਨ ਲੱਗਣਾ ਸੀ ਤੇ ਹੋਰ ਵੀ ਜਥੇਦਾਰਾਂ ਦਾ ਕੀਰਤਨ ਵੱਖੋ-ਵੱਖ ਥਾਂਵਾਂ 'ਤੇ ਲੱਗਿਆ ਤੇ ਆਪ ਸੰਤ ਜੀ ਦਾ ਦੀਵਾਨ ਸੁਣਨ ਲਈ ਗਏ। ਰਾਤ ਦੇ ਨੌਂ ਵਜੇ ਤੋਂ ਉੱਤੇ ਦਾ ਟਾਈਮ ਸੀ। ਦੀਵਾਨ ਦਾ ਇੰਨਾ ਰਸ ਸੀ ਕਿ ਦੀਵਾਨ ਵਿੱਚੋਂ ਕਿਸੇ ਨੂੰ ਉੱਠਣਾ ਮੁਸ਼ਕਿਲ ਲੱਗਦਾ ਸੀ ਤੇ ਢਾਈ-ਤਿੰਨ ਵਜੇ ਦੇ ਕਰੀਬ ਭੋਗ ਪਿਆ। ਸਵੇਰੇ ਭਰਾ ਜੀ ਦਾ ਆਨੰਦ ਹੋਣਾ ਸੀ ਪਰ ਦੀਵਾਨ ਦੇ ਭੋਗ ਤੋਂ ਬਾਅਦ ਆਪ ਇਸ਼ਨਾਨ ਕਰਕੇ ਫੇਰ ਸਵੇਰ ਦੀ ਆਸਾ ਜੀ ਦੀ ਵਾਰ ਦੇ ਕੀਰਤਨ ਵਿਚ ਜਾ ਬੈਠੇ ਕਿਉਂਕਿ ਪੰਜ ਵਜੇ ਤੋਂ ਬਾਅਦ ਬਾਹਰੋਂ ਆਉਣ ਵਾਲਿਆਂ ਲਈ ਦਰਵਾਜ਼ਾ ਬੰਦ ਹੋ ਜਾਣਾ ਸੀ। ਸੋ ਭਰਾ ਜੀ ਆਨੰਦ ਹੋਣ ਤੋਂ ਬਾਅਦ ਵਾਪਸੀ ਬੰਕੋਕ ਆਏ ਤੇ ਵਿਹਾਰ ਦੇ ਪੱਖੋਂ ਇਹਨਾਂ ਨੂੰ ਟੋਂਜੀ (ਬਰਮਾ) ਵਿਖੇ ਜਾਣਾ ਪਿਆ ਤਾਂ ਉੱਥੇ ਤਕਰੀਬਨ 5-6 ਮਹੀਨੇ ਰਹਿਣਾ ਪਿਆ ਤੇ ਸ. ਸੁੰਦਰ ਸਿੰਘ ਤੋਂ ਕੁਝ ਰਾਗ ਦੀ ਜਾਣਕਾਰੀ ਲੈ ਕੇ ਉੱਥੋਂ ਆਏ ਤੇ ਆਉਂਦਿਆਂ ਹੀ ਫੇਰ ਸਾਧ-ਸੰਗਤ ਵਿਚ ਕੀਰਤਨ ਦੇ ਨਾਲ ਪੂਰਾ ਹਿੱਸਾ ਲੈਂਦੇ ਰਹੇ। ਜਿੱਥੇ ਅੱਗੇ ਰਾਤ ਦੇ ਦੋ ਦੀਵਾਨ ਹਫ਼ਤੇ ਵਿੱਚ ਲਗਦੇ ਸੀ, ਉੱਥੇ ਐਤਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵੀ ਸ਼ੁਰੂ ਹੋ ਗਿਆ। ਇੱਕ ਵਾਰੀ 'ਬਸੰਤ ਦਿਵਸ' ਸਾਧ ਸੰਗਤ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਮਨਾਇਆ ਗਿਆ ਤੇ ਸਭ ਸ਼੍ਰੇਣੀਆਂ ਨੂੰ ਸੱਦਾ-ਪੱਤਰ ਦਿੱਤਾ ਗਿਆ। ਅਖੰਡ ਪਾਠ ਹੋਇਆ, ਸਵੇਰੇ ਦੀਵਾਨ ਲੱਗਾ, ਫੇਰ ਸ਼ਾਮ ਨੂੰ ਧਰਮਸ਼ਾਲਾ

ਨੇੜੇ ਵਾਲੀ ਬਾਲਾਂ ਦੀ ਗਰਾਊਂਡ ਵਿੱਚ ਇੱਕ ਵੱਡਾ ਹਵਨ ਕੀਤਾ ਗਿਆ ਤੇ ਭਾਰੀ ਦੀਵਾਨ ਲੱਗਾ। ਉਸ ਵੇਲੇ ਸੂਬਾ ਸੇਠ ਨਰੈਣ ਸਿੰਘ ਬੀਰ ਪਾਸੋਂ ਖਲੋਕੇ ਸਾਧ-ਸੰਗਤ ਵਿਚ ਬੋਲਣ ਲਈ ਅਸੀਂ ਤਿੰਨਾਂ (ਭਰਾ ਕਿਰਪਾਲ ਸਿੰਘ ਜੀ, ਸੁਰਜੀਤ ਸਿੰਘ ਚਾਵਲਾ ਤੇ ਇਕਬਾਲ ਸਿੰਘ ਮਨਚੰਦਾ) ਟਾਈਮ ਮੰਗਿਆ ਹੋਇਆ ਸੀ ਤੇ ਇੱਕ ਗੀਤਾਂ ਭਰਪੂਰ ਪ੍ਰਸੰਗ ਸ੍ਰੀ ਸਤਿਗੁਰੂ ਜੀ ਦੀ ਜੀਵਨੀ 'ਚੋਂ ਲੈ ਕੇ ਤੇ ਕੋਈ ਹਿੱਸਾ 'ਸਤਿਜੁਗ' ਦੇ ਬਸੰਤ ਅੰਕ ਦੇ ਲੇਖ 'ਅਪੂਰਵ ਬਲੀਦਾਨ' ਵਿੱਚੋਂ ਲੈ ਕੇ ਸੁਣਾਇਆ। ਉਸ ਵੇਲੇ ਲੇਖ ਪੜ੍ਹਨ ਲਈ ਮੇਰਾ ਨਾਂ ਸੀ ਤੇ ਗੀਤ ਪੜ੍ਹਨ ਲਈ ਵਾਜਾ ਭਰਾ ਜੀ ਤੇ ਨਾਲ ਸਾਥ ਸੁਰਜੀਤ ਸਿੰਘ ਚਾਵਲਾ (ਸਪੁੱਤਰ ਸ. ਨਿਹਾਲ ਸਿੰਘ ਚਾਵਲਾ) ਦਾ ਸੀ। (ਖ਼ਾਸ ਨੋਟ: ਉਹਨਾਂ ਦਿਨਾਂ ਵਿੱਚ ਇਹ ਬਸੰਤ ਨੰਬਰ ਅੰਗਰੇਜ਼ੀ ਸਰਕਾਰ ਨੇ ਆਪਣੇ ਦੇਸ਼ ਵਿੱਚ ਜ਼ਬਤ ਕੀਤਾ ਹੋਇਆ ਸੀ ਤੇ ਇਸ ਨੂੰ ਜ਼ੁਰਮ ਮੰਨਿਆ ਸੀ। 'ਪ੍ਰਦੇਸ-ਗਵਨ' ਦਾ ਸੀਨ ਸੁਣਾਉਂਦਿਆਂ ਅਸੀਂ ਤਿੰਨਾਂ ਨੇ ਇਹ ਤੁਕ ਪੜ੍ਹੀ, "ਗੱਲਾਂ ਦਿਲ ਦੀਆਂ ਦਿਲ ਦੇ ਵਿਚ ਰਹੀਆਂ, ਅਸਾਂ ਪੂਰੀਆਂ ਕਰ ਵਿਖਾਉਣੀਆਂ ਨੇ। ਤੁਸਾਂ ਸਾਨੂੰ ਸਿਆਲ ਵਿੱਚ ਕੱਢਿਆ ਏ, ਅਸੀਂ ਹਾੜ੍ਹ ਮੁਸੀਬਤਾਂ ਪਾਉਣੀਆਂ ਨੇ।" ਸਾਡੀ ਉਮਰ ਉਸ ਵੇਲੇ ਛੋਟੀ ਸੀ ਪਰ ਸਾਨੂੰ ਇਹ ਨਹੀਂ ਸੀ ਪਤਾ ਕਿ ਬੰਕੋਕ ਵਿੱਚ ਵੀ ਅੰਗਰੇਜ਼ੀ ਰਾਜ ਦਾ ਐਨਾ ਜ਼ੋਰ ਸੀ ਕਿ ਏਥੇ ਵੀ ਉਹਨਾਂ ਦੇ ਖ਼ਿਲਾਫ਼ ਕੋਈ ਨਹੀਂ ਸੀ ਬੋਲ ਸਕਦਾ। ਬੰਕੋਕ ਦੀ ਸਾਧ-ਸੰਗਤ ਵਿੱਚ ਕੀਰਤਨ ਦਾ ਪਰਵਾਹ ਜਾਰੀ ਸੀ ਤੇ ਤਕਰੀਬਨ ਹਰ ਦੀਵਾਨ ਵਿੱਚ ਮਸਤੀ ਦਾ ਖੇੜਾ ਛਾ ਜਾਂਦਾ। ਸੰਤ ਪਰਤਾਪ ਸਿੰਘ ਜੀ ਮਸਤਾਨਾ ਜਦ ਉੱਚੀਆਂ ਸੁਰਾਂ ਵਿੱਚ ਵਿਛੋੜੇ ਦੇ ਸ਼ਬਦ ਪੜ੍ਹਦੇ ਤਾਂ ਉਸ ਵੇਲੇ ਦਾ ਵਰਣਨ ਕਲਮ ਰਾਹੀਂ ਬਿਆਨ ਕਰਨਾ ਬੜਾ ਮੁਸ਼ਕਿਲ ਹੈ। ਆਪ ਜੀ ਦੀਆਂ ਧਾਰਨਾਂ ਪੜ੍ਹੀਆਂ ਹੋਈਆਂ ਅੱਜ ਵੀ ਕੰਨਾਂ ਵਿੱਚ ਓਸੇ ਤਰ੍ਹਾਂ ਗੂੰਜਦੀਆਂ ਹਨ ਜਿਵੇ:- ੧) ਪ੍ਰੇਮ ਮਾਹੀ ਦਾ ਪੈਂਡਾ ਲੰਮਾ, ਕਦਮਾਂ ਨਾਲ ਨਾ ਮੁੱਕੇ। ਸਿਰ ਦੇ ਕਦਮ ਬਣਾਈਏ ਜੇ ਕਰ ਤਾਂ ਏਹ ਪੈਂਡਾ ਮੁੱਕੇ, ਕਦੇ ਨਾ ਰੁਕੇ। ੨) ਚਰਖੜੇ ਨੂੰ ਪਰਾਂ ਫੂਕ ਦੇ ਮਾਂ ਨੀ, ਹੁਣ ਮੇਰੀ ਲੱਗੀ ਸਾਹਿਬ ਨਾਲ ਪ੍ਰੀਤ। ੩) ਜਿਨਾਂ ਲੱਗੇ ਪ੍ਰੇਮ ਤਮਾਚੇ, ਘਰ ਦੇ ਕੰਮੋਂ ਗਈਆਂ। ੪) ਸਿਰ ਧਰ ਕੇ ਤਲੀ ਦੇ ਉੱਤੇ ਆ ਜਾ, ਜੇ ਤਉ ਤੈਨੇ ਪ੍ਰੇਮ ਖੇਲਨਾ। ਸਾਧ-ਸੰਗਤ ਵਿੱਚ ਕੀਰਤਨ ਦਾ ਐਨਾ ਆਨੰਦ ਹੁੰਦਾ ਜਿਸ ਨੂੰ ਕਲਮ ਰਾਹੀਂ ਵਰਣਨ ਕਰਨਾ ਅਤਿ ਕਠਿਨ ਹੈ। ਸਿੰਘ ਸਭਾ ਗੁਰਦੁਆਰੇ ਵਾਲੇ ਗੁਰੂ ਨਾਨਕ ਜੀ ਅਤੇ ਦਸਮ ਪਾਤਸ਼ਾਹ ਦੇ ਅਵਤਾਰ ਪੁਰਬ ਮਨਾਉਂਦੇ ਤੇ ਨਾਲ ਹੀ ਕੀਰਤਨੀ ਜੱਥੇ ਦਾ ਪ੍ਰੋਗਰਾਮ ਰੱਖਕੇ ਬੇਨਤੀ ਲਿਖ ਭੇਜਦੇ ਤਾਂ ਉਨ੍ਹਾਂ ਨੂੰ ਕਹਿ ਭੇਜਣਾ 'ਢੋਲਕ ਵਜਾਉਂਦੇ ਤੇ ਕੀਰਤਨ ਕਰਦੇ ਆਵਾਂਗੇ' ਤੇ ਗੁਰਦੁਆਰੇ ਤੋਂ ਬਾਹਰ ਕੁਝ ਦੂਰੀ ਤੋਂ ਹੀ ਢੋਲਕ ਛੈਣਿਆਂ ਨਾਲ ਕੀਰਤਨ ਸ਼ੁਰੂ ਹੋ ਜਾਣਾ ਤੇ ਬਹੁਤ ਆਨੰਦ ਆਉਣਾ। ਢੋਲਕ ਛੈਣਿਆਂ ਦੀ ਆਵਾਜ਼ ਸੁਣਕੇ ਸੰਗਤ ਨੇ ਹੇਠਾਂ ਆ ਕੇ ਸਤਿਕਾਰ ਕਰਨਾ ਤੇ ਕੀਰਤਨ ਕਰਦਿਆਂ ਹੀ ਕੋਠੇ ਦੀ ਤੀਸਰੀ ਛੱਤ 'ਤੇ ਪਹੁੰਚਣਾ। ਇਸ ਤਰ੍ਹਾਂ ੧੫-੨੦ ਮਿੰਟ ਤੋਂ ਅੱਧਾ ਘੰਟਾ ਸਮਾਂ ਲੰਘ ਜਾਣਾ। ਕਦੇ-ਕਦੇ ਕਹਿ ਦੇਣਾ ਕਿ ਕੀਰਤਨ ਦਾ ਸਮਾਂ ਬਹੁਤ ਥੋੜ੍ਹਾ ਹੁੰਦਾ ਹੈ ਤੇ ਆਪਣਾ ਮਨ ਨਹੀਂ ਭਰਦਾ ਅਤੇ ਗੁਰੂ ਨਾਨਕ ਦੇਵ ਜੀ ਦੇ ਪੁਰਬ 'ਤੇ ਆਪਣੀ ਧਰਮਸ਼ਾਲਾ ਹੀ ਇਹ ਉਤਸਵ ਮਨਾਉਣਾ। ਸਿੰਘ ਸਭਾ ਗੁਰਦੁਆਰੇ ਦਾ ਭੋਗ ਤਾਂ ਰਾਤੀਂ ਸਾਢੇ ਗਿਆਰਾਂ ਜਾਂ ਬਾਰਾਂ ਵਜੇ ਪੈ ਜਾਂਦਾ ਤਾਂ ਉਥੋਂ ਦੀ ਸੰਗਤ ਨੇ ਜਦ ਆਪਣੇ ਘਰਾਂ ਨੂੰ ਵਾਪਿਸ ਜਾਣਾ ਤੇ ਨਾਮਧਾਰੀ ਧਰਮਸ਼ਾਲਾ ਕੋਲੋਂ ਲੰਘਣਾ ਤਾਂ ਕੀਰਤਨ ਦੀ ਧੁਨ ਸੁਣ ਕੇ ਫਿਰ ਇੱਥੇ ਆ ਬੈਠਣਾ। ਇਹ ਭੋਗ ਡੇਢ-ਦੋ ਵਜੇ ਪੈਣਾ। ਇਹ ਸਭ ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ਿਸ਼ ਦਾ ਫਲ ਹੈ। ਸੰਨ ੧੯੪੦ ਵਿੱਚ ਮੇਰੇ ਵੱਡੇ ਭਰਾਤਾ ਸੰਤ ਕਿਰਪਾਲ ਸਿੰਘ ਜੀ ਵਿਹਾਰ ਕਰਕੇ ਜਪਾਨ ਗਏ। ਉਸ ਵੇਲੇ ਬੰਕੋਕ ਦੀ ਸਾਧ-ਸੰਗਤ ਨੇ ਅੱਸੂ ਦੇ ਪ੍ਰਯੋਗ ਸਮੇਂ ਰੋਜ਼ਾਨਾ ਇੱਕ ਵਰਨੀ ਪਾਠ (ਦਰਸ਼ਨ ਨਮਿਤ) ਕਰਨ ਦਾ ਪ੍ਰੋਗਰਾਮ ਉਲੀਕਿਆ। ਇਸ ਪਾਠ ਕਰਵਾਉਣ ਲਈ ਮੋਢੀ ਸੇਠ ਗੁਰਬਖਸ਼ ਸਿੰਘ ਜੀ 'ਪ੍ਰੀਤਮ' ਸਨ। ਉਸ ਵੇਲੇ ਸੰਤ ਫੂਲਾ ਸਿੰਘ ਜੀ ਸੇਠ ਤਰਲੋਕ ਸਿੰਘ ਦੇ ਨਾਲ ਆਪਣੀ ਕੱਪੜੇ ਦੀ ਦੁਕਾਨ ਤੇ ਖੁਰਾਟ (ਨਾਜ ਰਾਜ-ਸੀਮਾ) ਵਿਖੇ ਨਿਵਾਸ ਰੱਖਦੇ ਸਨ। ਰੋਜ਼ਾਨਾ ਪਾਠ ਕਰਨ ਦਾ ਪ੍ਰੋਗਰਾਮ ਸੁਣਕੇ ਉਹ ਬੰਕੋਕ ਵਿਖੇ ਆ ਗਏ। ਇਸ ਵਿੱਚ ੨੮-੩੦ ਪਾਠੀ ਹਰ ਰੋਜ਼ ਸਵੇਰੇ ਸਣ-ਕੇਸ਼ੀਂ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ੫ ਵਜੇ ਅਰਦਾਸ ਦੇ ਨਾਲ ਪਾਠ ਸ਼ੁਰੂ ਕਰ ਦਿੰਦੇ ਜਿਸਦਾ ਭੋਗ ਤਕਰੀਬਨ ੭ ਵਜੇ ਪੈ ਜਾਂਦਾ ਅਤੇ ਇਸਦਾ ਮੋਖ ਬਹੁਤ ਥੋੜ੍ਹਾ ਰੱਖਿਆ ਗਿਆ ਸੀ। ਹਰ ਮਾੜੇ ਸਰੀਰ (ਮਾਇਆ ਕਰਕੇ) ਨੂੰ ਵੀ ਇਸਦੀ ਸਹੂਲਤ ਸੀ।ਉਸ ਸਮੇਂ ਗ਼ੈਰ-ਨਾਮਧਾਰੀਆਂ ਨੇ ਵੀ ਇਸ ਪ੍ਰਯੋਗ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਨਮਿਤ ਪਾਠ ਕਰਵਾਏ ਤੇ ਕਦੇ-ਕਦੇ ਐਤਵਾਰ ਦੇ ਦਿਨ ਦੋ-ਦੋ ਪਾਠ ਵੀ ਹੋ ਜਾਂਦੇ (ਮੈਨੂੰ ਵੀ ਸ੍ਰੀ ਗ੍ਰੰਥ ਸਾਹਿਬ ਦੇ ਪਾਠ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤੇ ਹੌਲੀ-ਹੌਲੀ ਰੋਜ਼ ਓਹੋ ਪਾਠ ਕਰਨ ਨਾਲ ਪਾਠ ਵੀ ਸਰਲ ਹੋ ਗਿਆ)। ਉਨ੍ਹਾਂ ਦਿਨਾਂ ਵਿਚ ਨੌਕਰੀ ਕਰਦਾ ਸਾਂ, ਪਰ ਇਸ ਪ੍ਰਯੋਗ ਵਿੱਚ ਹਿੱਸਾ ਲੈਣ ਕਰਕੇ ਜਾਂ ਲੰਗਰ ਦਾ ਪ੍ਰਸ਼ਾਦਾ ਛਕਣਾ ਜਾਂ ਘਰ ਦਾ ਛਕਣਾ ਸੀ, ਉਸ ਵੇਲੇ ਇੰਨਾ ਸੰਜਮ ਰੱਖਣਾ ਵੀ ਮੁਸ਼ਕਿਲ ਹੁੰਦਾ ਸੀ। ਜਿਨ੍ਹਾਂ ਗ਼ੈਰ-ਨਾਮਧਾਰੀਆਂ ਨੇ ਉਸ ਵੇਲੇ ਪਾਠ ਕਰਵਾਏ, ਜੋ ਜੋ ਨਾਮ ਯਾਦ ਰਹੇ, ਉਹ ਇਸ ਪ੍ਰਕਾਰ ਹਨ:- ਸ. ਲਾਭ ਸਿੰਘ ਨਰੂਲਾ, ਸ. ਲਾਭ ਸਿੰਘ ਮਦਾਨ, ਸ. ਦਿਆਲ ਸਿੰਘ ਫੁਲਰਵਰਨ ਦਾ ਤੇ ਇੱਕ ਦੋ ਸਰੀਰ ਹੋਰ ਹੋਣਗੇ। ਇਸ ਦੇ ਭੋਗ ਦੀ ਤਾਰੀਖ ਪਹਿਲੀ ਅੱਸੂ ਦੀ ਰੱਖੀ ਹੋਈ ਸੀ ਤੇ ਅਰਜ਼ ਕਰਨ ਵਾਲਿਆਂ ਵੱਲੋਂ ਪਾਠ ਜ਼ਿਆਦਾ ਲਿਖੇ ਜਾਣ ਕਰਕੇ ਇੱਕ ਖ਼ਾਸ ਇਕੱਤਰਤਾ ਸੇਠ ਗੁਰਮੁਖ ਸਿੰਘ ਜੀ ਦੇ ਬੰਗਲੇ ਫੈਯਾਥਾਈ ਵਿਖੇ ਕੀਤੀ ਗਈ (ਇਸ ਅਸਥਾਨ 'ਤੇ ਅੱਜ ਕੱਲ੍ਹ ਸੇਠ ਰਛਪਾਲ ਸਿੰਘ ਦਾ ਪਰਿਵਾਰ ਰਹਿੰਦਾ ਹੈ) ਅਤੇ ਸਮੂਹ ਸੰਗਤ ਦੀ ਰਾਇ ਨਾਲ ਇਹ ਮਤਾ ਪਾਸ ਕੀਤਾ ਗਿਆ ਕਿ ਜਿੰਨੇ ਪਾਠ ਆਏ ਲਿਖੇ ਗਏ ਹਨ, ਕੇਵਲ ਉਹ ਹੀ ਕੀਤੇ ਜਾਣਗੇ, ਅੱਗੇ ਲਈ ਹੋਰ ਪਾਠ ਨਾ ਲਿਖਿਆ ਜਾਵੇ ਤੇ ਭੋਗ ਦਾ ਦਿਨ ੨੫ ਅੱਸੂ ਨੂੰ ਦੁਸਹਿਰੇ ਵਾਲੇ ਦਿਨ ਰੱਖਿਆ ਗਿਆ (ਉਸ ਵੇਲੇ ਇਸ ਮੇਲੇ ਵਿੱਚ ੯੬ ਜਾਂ ੯੮ ਪਾਠ ਸਾਰੇ ਗਿਣਤੀ ਵਿੱਚ ਕੀਤੇ ਗਏ ਸਨ)। ਇਹ ਪ੍ਰਯੋਗ ਦੋ ਮਹੀਨੇ ਤੋਂ ਉੱਪਰ ਤੀਕ ਜਾਰੀ ਰਿਹਾ ਸੀ। ਇਸ ਪ੍ਰਯੋਗ ਤੋਂ ਇਹ ਫ਼ਾਇਦਾ ਹੋਇਆ, ਜੋ ਉਸ ਵੇਲੇ ਮੇਰੇ ਵਰਗੇ ਕਈ ਨਵੇਂ-ਨਵੇਂ ਪਾਠੀ ਤਿਆਰ ਹੋ ਗਏ।

**..........(ਚੱਲਦਾ)**

# ਮੀਰੀ ਪੀਰੀ ਦੇ ਮਾਲਕ

- ਸੰਤ ਨਿਸ਼ਾਨ ਸਿੰਘ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਛੇਵੇਂ ਜਾਂ-ਨਸ਼ੀਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਅਵਤਾਰ ੨੧ਹਾੜ ੧੬੫੨ ਬਿ: ਮੁਤਾਬਿਕ ੧੯ ਜੂਨ ੧੫੯੫ ਈ: ਨੂੰ ਪਿੰਡ ਵਡਾਲੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ ਹੋਇਆ। ਪੰਚਮ ਪਾਤਸ਼ਾਹ ਜੀ ਦੇ ਵਡੇ ਭਰਾਤਾ ਬਾਬਾ ਪ੍ਰਿਥੀਚੰਦ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੱਦੀ ਤੇ ਸੁਭਾਇਮਾਨ ਹੋਣ ਤੋਂ ਹੀ ਈਰਖਾ ਤੇ ਵੈਰ ਵਿਰੋਧ ਵਾਲੀ ਭਾਵਨਾ ਪਾਲ ਰਖੀ ਸੀ। ਜਿਸ ਕਰਕੇ ਉਸਨੇ ਬਾਲ ਹਰਗੋਬਿੰਦ ਜੀ ਉੱਪਰ ਬੜੇ ਮਾਰੂ ਵਾਰ ਕੀਤੇ। ਪਰ ਦਾਈ ਫੱਤੋ, ਖਿਡਾਵਾ ਬ੍ਰਾਹਮਣ, ਸਪੇਰਾ ਆਦਿ ਆਪਣੇ ਮਨਸੂਬਿਆਂ ਵਿੱਚ ਸਫਲ ਨਾ ਹੋ ਸਕੇ। ਅਕਾਲ ਪੁਰਖ ਨੇ ਆਪ ਹਰ ਮੋੜ 'ਤੇ ਆਪ ਜੀ ਦੀ ਰੱਖਿਆ ਕੀਤੀ। ਮੁੱਢਲੀ ਸਿਖਿਆ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਪ੍ਰਾਪਤ ਕੀਤੀ।

੩੦ ਮਈ ੧੬੦੬ ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਿਸ ਬਣੇ। ਆਪ ਜੀ ਨੇ ਸੇਲ੍ਹੀ ਟੋਪੀ ਦੀ ਥਾਂ ਸੀਸ 'ਤੇ ਦਸਤਾਰ ਅਤੇ ਗਲ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਆਪ ਜੀ ਦੀ ਸ਼ਾਨ ਬਾਰੇ ਹਜ਼ੂਰੀ ਢਾਡੀ ਭਾਈ ਅਬਦੁਲਾ ਅਤੇ ਨੱਥਾ ਨੇ ਖ਼ੂਬ ਲਿਖਿਆ ਹੈ :-

**ਸੱਚਾ ਤਖਤ ਸੁਹਾਯੋ ਸ੍ਰੀ ਗੁਰ ਪਾਇ ਕੈ।**
**ਛਬਿ ਬਰਨੀ ਨਹਿ ਜਾਇ ਕਹੋਂ ਕਿਆ ਗਾਇ ਕੈ।**
**ਰਵਿ ਸਸਿ ਭਏ ਮਲੀਨ ਸੁ ਦਰਸ ਦਿਖਾਇ ਕੈ।**
**ਸ੍ਰੀ ਗੁਰ ਤਖਤ ਬਿਰਾਜੇ ਪ੍ਰਭੂ ਧਿਆਇ ਕੈ।**
**ਮੀਰ ਅਬਦੁਲਾ ਔ ਨੱਥਾ ਜਸ ਕਹੇ ਬਨਾਇਕੈ।**

**ਦੋ ਤਲਵਾਰੀ ਬੱਧੀਆਂ ਇਕ ਮੀਰੀ ਦੀ ਇਕ ਪੀਰੀ ਦੀ।**
**ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰ ਦੀ।**
**ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜਾ ਬਲਖ ਬਖ਼ੀਰ ਦੀ।**
**ਨਾਲ ਸਿਪਾਹੀ ਨੀਲ ਨਲ ਮਾਰ ਦੁਸਟਾਂ ਕਰੇ ਤਗੀਰ ਜੀ।**
**ਪੱਗ ਤੇਰੀ ਕੀ ਜਹਾਂਗੀਰ ਦੀ।**

ਅਕਾਲ ਤਖ਼ਤ ਦੀ ਸਿਰਜਣਾ ਕਰਕੇ ਸੰਗਤਾਂ ਦੇ ਨਾਮ ਹੁਕਮ ਜਾਰੀ ਕੀਤੇ ਗਏ। ਜੋ ਪੱਤਰ ਸੰਗਤਾਂ ਵੱਲ ਭੇਜੇ ਗਏ ਉਨ੍ਹਾਂ ਬਾਰੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :-

**ਥਿਰੇ ਤਖਤ ਪਰ ਦਰਸਹੁ ਆਏ॥**
**ਨੀਕੇ ਸ਼ਸਤ੍ਰ ਤੁਰੰਗ ਮੰਗਾਏ॥**
**ਜੋ ਆਨਹਿ ਲਹਿ ਖੁਸ਼ੀ ਬਿਸਾਲਾ॥**
**ਨਹਿੰ ਬਿਲਮਹੁ ਆਵਹੁ ਤਤਕਾਲਾ॥**
**(ਰਾ.੪-ਅੰਸੂ ੪੨)**

ਵਿਰੋਧੀਆਂ ਨੂੰ ਇਹ ਗੱਲ ਨਾ ਹੀ ਚੰਗੀ ਲੱਗਣੀ ਸੀ ਤੇ ਨਾ ਹੀ ਚੰਗੀ ਲੱਗੀ। ਬਹੁਤ ਸਾਰੇ ਮਸੰਦ ਅਤੇ ਸਿਆਣੇ ਸਿੱਖ ਵੀ ਇਸ ਅਸਚਰਜ ਕੌਤਕ ਨੂੰ ਸਮਝ ਨਾ ਸਕੇ। ਸਭ ਇੱਕਠੇ ਹੋ ਕੇ ਮਾਤਾ ਜੀ ਦੇ ਚਰਨਾਂ 'ਚ ਫ਼ਰਿਆਦੀ ਹੋਏ ਅਤੇ ਬਾਰ ਬਾਰ ਕਹਿਣ ਲਗੇ,ਕਿ ਗੁਰੂ ਜੀ ਦੀ ਉਮਰ ਹਾਲੇ ਬਹੁਤ ਛੋਟੀ ਹੈ, ਇਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਕਿਉਂਕਿ ਨਾ ਹੀ ਸਾਡੇ ਕੋਲ ਕੋਈ ਫ਼ੌਜ ਹੈ ਅਤੇ ਨਾ ਹੀ ਕੋਈ ਜਗੀਰ। ਦੂਜੇ ਪਾਸੇ ਚੰਦੂ ਬਾਦਸ਼ਾਹ ਦਾ ਦੀਵਾਨ ਹੈ, ਅਸੀ ਉਸਦਾ ਮੁਕਾਬਲਾ ਕਰਨ ਦੇ ਸਮਰੱਥ ਨਹੀ ਹਾਂ, ਦੂਸਰੀ ਗੱਲ ਇਹ ਵੀ ਹੈ ਕਿ ਬਾਦਸ਼ਾਹ ਵੀ ਪਤਾ ਲੱਗਣ 'ਤੇ ਇਹਨਾਂ ਗੱਲਾਂ ਤੋਂ ਖਿਝ ਜਾਵੇਗਾ। ਇਸ ਵਾਸਤੇ ਤੁਸੀਂ ਗੁਰੂ ਜੀ ਨੂੰ ਸ਼ਸਤ੍ਰ ਧਾਰਨ ਕਰਨ ਅਤੇ ਰਾਜਸੀ ਠਾਠ-ਬਾਠ ਤੋਂ ਰੋਕੋ। ਭਾਵੇਂ ਮਾਤਾ ਜੀ ਨੇ ਵੀ ਜਤਨ ਕੀਤਾ ਪਰ ਗੁਰੂ ਜੀ ਆਪਣੇ ਬਚਨਾਂ ਤੇ ਅਡੋਲ ਰਹੇ। ਹੁਣ ਤੱਕ ਦੁਨੀਆਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ਫ਼ਕੀਰਾਂ ਦੀ ਗੱਦੀ ਸਮਝਦੀ ਸੀ ਇਸ ਲਈ ਇਸ ਸਾਂਗ ਨੂੰ ਵੇਖ ਕੇ ਵੱਡੇ-ਵੱਡੇ ਮਹਾਤਮਾ ਵੀ ਟਪਲਾ ਖਾ ਗਏ।

ਗੁਜਰਾਤ ਦੇ ਰਹਿਣ ਵਾਲੇ ਪੁੱਗੇ ਹੋਏ ਫਕੀਰ ਸ਼ਾਹ ਦੌਲਾ ਜਦ ਆਪ ਜੀ ਦਾ ਦਰਸ਼ਨ ਕਰਦੇ ਹਨ ਤਾਂ ਆਪਣਾ ਸ਼ੰਕਾ ਬਿਆਨਦੇ ਹੋਏ ਕਹਿੰਦੇ ਹਨ :-

ਪੁੱਤਰ ਕੀ, ਵੈਰਾਗ ਕੀ? ਦੌਲਤ ਕੀ, ਤਿਆਗ ਕੀ?
ਔਰਤ ਕੀ ਤੇ ਪੀਰੀ ਕੀ? ਹਿੰਦੂ ਕੀ ਤੇ ਫ਼ਕੀਰੀ ਕੀ?

ਸਤਿਗੁਰੂ ਜੀ ਨੇ ਉਨ੍ਹਾਂ ਦੇ ਸਵਾਲਾਂ ਦਾ ਬੜਾ ਸਟੀਕ ਉੱਤਰ ਦਿੱਤਾ -

ਪੁੱਤਰ ਨਿਸ਼ਾਨ। ਦੌਲਤ ਗੁਜਰਾਨ।
ਔਰਤ ਈਮਾਨ। ਫ਼ਕੀਰ ਨ ਹਿੰਦੂ ਨ ਮੁਸਲਮਾਨ।

ਮਹਾਰਾਸ਼ਟਰ ਦੇ ਮਹਾਨ ਸੰਤ ਸ਼ਿਵਾ ਜੀ ਦੇ ਗੁਰੂ ਸਮਰੱਥ ਰਾਮਦਾਸ ਜੀ ਆਪ ਜੀ ਨੂੰ ਪੁੱਛਿਆ, "ਆਪ ਕੈਸੇ ਸੰਤ ਹੋ? ਆਪ ਜੀ ਦੇ ਬਚਨ ਅਜ ਵੀ ਅਪਾਰ ਹਨ :-

**ਬਾਤਨ ਫ਼ਕੀਰੀ, ਜ਼ਾਹਿਰ ਅਮੀਰੀ॥**
**ਸ਼ਸਤਰ ਗਰੀਬ ਕੀ ਰੱਖਿਆ, ਜਰਵਾਣੇ ਕੀ ਭਖਿਆ॥**

ਸਿੱਖੀ ਸਿਧਾਂਤਾਂ ਤੋਂ ਅਨਜਾਣ ਅਤੇ ਢਿੱਲੜ ਸਿੱਖਾਂ ਵਲੋਂ ਵੱਖ-ਵੱਖ ਸਮਿਆਂ ਤੇ ਗੁਰੂ ਸਾਹਿਬ ਪ੍ਰਤੀ ਸ਼ੰਕੇ ਉਠਾਏ ਗਏ, ਉਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਰਦੇ ਹਨ :-

**ਧਰਮਸਾਲ ਕਰਿ ਬਹੀਦਾ, ਇਕਤ ਥਾਉਂ ਨ ਟਿਕੈ ਟਿਕਾਯਾ॥**
**ਪਾਤਿਸਾਹ ਘਰ ਆਂਵਦੇ, ਗੜਿ ਚੜ੍ਹਿਆ ਪਾਤਿਸਾਹ ਚੜਾਇਆ॥**
**ਉਮਤਿ ਮਹਿਲ ਨਾ ਪਾਵਦੀ, ਨਠਾ ਫਿਰੈ ਨ ਡਰੈ ਡਰਾਯਾ॥**
**ਮੰਜੀ ਬਹਿ ਸੰਤੋਖਦਾ, ਕੁਤੇ ਰਖਿ ਸਿਕਾਰੁ ਖਿਲਾਯਾ॥**
**ਬਾਣੀ ਕਰ ਸੁਣਿ ਗਾਂਵਦਾ, ਕਥੈ ਨ ਸੁਣੈ ਨ ਗਾਵਿ ਸੁਣਾਯਾ॥**
**ਸੇਵਕ ਪਾਸ ਨ ਰਖੀਅਨਿ, ਦੋਖੀ ਦੁਸਟ ਆਗੂ ਮੁਹਿ ਲਾਯਾ॥**

ਭਾਵ:- ਪਹਿਲੇ ਗੁਰੂ ਸਹਿਬਾਨ ਧਰਮਸਾਲ ਬਣਾ ਕੇ ਬੈਠਦੇ ਸਨ, ਪਰ ਛੇਵਾਂ ਗੁਰੂ ਤਾਂ ਇਕ ਥਾਂ ਟਿਕ ਕੇ ਨਹੀਂ ਬੈਠਦਾ। ਪਹਿਲੇ ਗੁਰੂ ਸਾਹਿਬਾਨਾਂ ਦੇ ਦਰਬਾਰ ਵਿਚ ਬਾਦਸ਼ਾਹ ਦਰਸ਼ਨਾਂ ਨੂੰ ਆਉਂਦੇ ਸਨ,

ਪਰ ਇਹ ਤਾਂ ਬਾਦਸ਼ਾਹ ਦਾ ਚੜ੍ਹਾਇਆਂ ਹੋਇਆਂ ਕਿਲੇ ਤੇ ਜਾ ਚੜ੍ਹਿਆ ਹੈ। ਸੰਗਤ ਨੂੰ ਦਰਸ਼ਨ ਕਿੰਜ ਨਸੀਬ ਹੋਣ ਕਿਉਂਕਿ ਇਹ ਤਾਂ ਦੌੜਿਆ ਹੀ ਫਿਰਦਾ ਹੈ ਤੇ ਕਿਸੇ ਦਾ ਡਰਾਇਆ ਡਰਦਾ ਵੀ ਨਹੀਂ। ਪਹਿਲੇ ਗੁਰੂ ਆਸਣ ਤੇ ਬੈਠ ਕੇ ਉਪਦੇਸ਼ ਦਿੰਦੇ ਸਨ, ਇਹ ਸ਼ਿਕਾਰ ਖੇਡਦਾ ਫਿਰਦਾ ਹੈ। ਪਹਿਲੇ ਗੁਰੂ ਬਾਣੀ ਉਚਾਰ ਕੇ ਕੀਰਤਨ ਸੁਣਾਉਂਦੇ ਸਨ, ਇਹ ਗੁਰੂ ਨਾ ਤਾਂ ਬਾਣੀ ਰਚਦਾ ਹੈ, ਨਾ ਸੁਣਦਾ ਅਤੇ ਨਾ ਹੀ ਗਾ ਕੇ ਸੁਣਾਉਂਦਾ ਹੈ। ਸੇਵਕਾਂ ਨੂੰ ਕੋਲ ਰੱਖਣ ਦੀ ਬਜਾਏ ਪੈਂਦੇ ਖਾਂ ਵਰਗੇ ਦੋਖੀ ਦੁਸ਼ਟਾਂ ਨੂੰ ਕੋਲ ਰੱਖਦਾ ਹੈ। ਭਾਈ ਗੁਰਦਾਸ ਜੀ ਨੇ ਇਨ੍ਹਾਂ ਵੰਨ ਸੁਵੰਨੀਆਂ ਗੱਲਾਂ ਕਰਨ ਵਾਲੇ ਕੱਚਿਆਂ ਪਿਲਿਆਂ ਨੂੰ ਸਮਝਾਇਆ ਕਿ ਬੇਮੁਖ ਅਤੇ ਟੇਢੇ ਮਨ ਵਾਲੇ ਮੂਰਖ ਲੋਕ ਸ਼ਕਤੀ ਨਾਲ ਹੀ ਸਿੱਧੇ ਕੀਤੇ ਜਾ ਸਕਦੇ ਹਨ। ਜਿਸ ਤਰ੍ਹਾਂ ਖੂਹ ਵਿਚੋਂ ਪਾਣੀ ਕੱਢਣ ਲਈ ਭਾਂਡੇ ਦੇ ਗਲ ਨੂੰ ਰੱਸੇ ਨਾਲ ਘੁੱਟ ਕੇ ਬੰਨ੍ਹਣਾ ਪੈਂਦਾ ਹੈ। ਜਿਵੇਂ ਸੱਪ ਦੇ ਸਿਰ ਦੀ ਮਣੀ ਸੱਪ ਨੂੰ ਮਾਰ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ,ਉਹ ਕਦੇ ਖੁਸ਼ੀ-ਖੁਸ਼ੀ ਤਾਂ ਨਹੀਂ ਮਣੀ ਦੇਂਦਾ। ਮਿਰਗ ਦੀ ਕਸਤੂਰੀ ਵੀ ਉਸਦੇ ਮਰਿਆਂ ਹੀ ਪ੍ਰਾਪਤ ਹੁੰਦੀ ਹੈ। ਜਿਵੇਂ ਤਿਲਾਂ ਨੂੰ ਕੋਹਲੂ ਵਿਚ ਪੀੜਨ ਤੋਂ ਬਿਨਾਂ ਤੇਲ ਨਹੀਂ ਨਿਕਲਦਾ। ਨਾਰੀਅਲ ਨੂੰ ਭੰਨ੍ਹਣ ਤੋਂ ਬਿਨਾਂ ਗਿਰੀ ਨਹੀਂ ਮਿਲਦੀ। ਇਸੇ ਤਰ੍ਹਾਂ:- 'ਮੂਰਖ ਗੰਢ ਪਵੈ ਮੁਹਿ ਮਾਰ', ਦੇ ਕਥਨ ਅਨੁਸਾਰ ਲੋਹੇ ਵਰਗੇ ਸਾਕਤ ਅਤੇ ਬੇਮੁਖ ਪੁਰਸ਼ ਜ਼ੋਰ ਨਾਲ ਹੀ ਸਿੱਧੇ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਪੀਰੀ ਦੇ ਨਾਲ ਮੀਰੀ ਭਾਵ ਰਾਜਸੀ ਸ਼ਕਤੀ ਦਾ ਹੋਣਾ ਅਤਿਅੰਤ ਜਰੂਰੀ ਹੈ। :-

**ਜਿਉ ਕਰਿ ਖੂਹਹੁ ਨਿਕਲੈ, ਗਲਿ ਬਧੇ ਪਾਣੀ॥**
**ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ॥**
**ਜਾਣ ਕਥੂਰੀ ਮਿਰਗ ਤਨਿ, ਮਰਿ ਮੁਕੈ ਆਣੀ॥**
**ਤੇਲ ਤਿਲਹੁ ਕਿਉ ਨਿਕਲੈ, ਵਿਣੁ ਪੀੜੇ ਘਾਣੀ॥**
**ਜਿਉ ਮੁਹੁ ਭੰਨੇ ਗਰੀ ਦੇ, ਨਲੀਏਰੁ ਨਿਸਾਣੀ॥**
**ਬੇਮੁਖ ਲੋਹਾ ਸਾਧੀਐ, ਵਗਦੀ ਵਾਦਾਣੀ॥**

**(ਵਾਰ ੩੪-ਪਉੜੀ ੧੩)**

ਇਸ ਤਰ੍ਹਾਂ ਦਲ ਭੰਜਨ ਗੁਰੂ ਨੇ ਪੀਰੀ ਨਾਲ ਮੀਰੀ, ਸ਼ਕਤੀ ਨਾਲ ਭਗਤੀ,ਅਤੇ ਸ਼ਾਸਤਰ ਦੇ ਨਾਲ ਸ਼ਸਤ੍ਰ ਦਾ ਸੰਕਲਪ ਸੰਸਾਰ ਨੂੰ ਦਿੱਤਾ। ਤਲਵਾਰ ਦੀ ਵਿਨਾਸ਼ਕਾਰੀ ਸ਼ਕਤੀ ਨੂੰ ਉਸਾਰੂ ਕੰਮਾਂ ਵਾਸਤੇ ਵਰਤਣ ਦੀ ਜਾਚ ਦੱਸੀ ਅਤੇ ਸਿੱਖ ਦੀ ਤਲਵਾਰ, ਕਿਰਪਾਨ (ਦੂਜਿਆਂ ਤੇ ਕਿਰਪਾ ਕਰਨ ਵਾਲੀ) ਬਣ ਗਈ।ਢਾਡੀਆਂ ਦੇ ਲਿਖਣ ਅਨੁਸਾਰ ਕਿ ਦੋ ਤਲਵਾਰਾਂ ਬੰਨ੍ਹ ਕੇ ਸਤਿਗੁਰੂ ਜੀ ਨੇ ਕੇਵਲ ਗਿਆਰਾਂ ਕੁ ਸਾਲ ਦੀ ਦੁਨਿਆਵੀ ਉਮਰ ਵਿੱਚ ਇਹ ਪ੍ਰਗਟ ਕਰ ਦਿੱਤਾ ਕਿ ਗੁਰੂ ਦੋ ਜਹਾਨਾਂ ਦਾ ਮਾਲਕ ਹੈ। ਉਹ ਕੇਵਲ ਆਤਮਕ ਰਾਹਬਰ ਹੀ ਨਹੀਂ ਸਗੋਂ ਸੰਸਾਰਕ ਜੀਵਨ ਦਾ ਮਾਰਗ ਦਰਸ਼ਕ ਅਤੇ ਧਰਮ ਰੱਖਿਅਕ ਵੀ ਹੈ। ਢਾਡੀਆਂ ਦੀ ਉਪਰੋਕਤ ਵਾਰ ਨੂੰ ਪੜ੍ਹ ਕੇ ਮਨ ਵਿੱਚ ਇੱਕ ਸ਼ੰਕਾ ਉਪਜਦਾ ਹੈ ਕਿ ਉਨ੍ਹਾਂ ਨੇ ਦੋ ਤਲਵਾਰੀਂ ਬੱਧੀਆਂ ਕਿਉਂ ਲਿਖਿਆ, ਪਹਿਨੀਆਂ ਕਿਉਂ ਨਹੀਂ ਲਿਖਿਆ? ਇਸ ਦਾ ਯਥਾ ਮਤਿ ਉੱਤਰ ਇਹ ਹੈ ਕਿ ਤਲਵਾਰ ਕੇਵਲ ਲੋਹੇ ਦਾ ਸ਼ਸਤ੍ਰ ਹੀ ਨਹੀਂ ਸਗੋਂ ਸ਼ਕਤੀ ਦਾ ਪ੍ਰਤੀਕ ਹੈ। ਮੀਰੀ ਤੋਂ ਭਾਵ ਹੈ ਅਮੀਰੀ ਭਾਵ ਬਾਦਸ਼ਾਹੀ ਅਤੇ ਪੀਰੀ ਤੋਂ ਭਾਵ ਹੈ ਰੂਹਾਨੀ ਸ਼ਕਤੀ। ਪਹਿਲੇ ਸਮਿਆਂ ਵਿੱਚ ਇਹ ਮੰਨਿਆ ਜਾਂਦਾ ਸੀ ਕਿ ਮੀਰੀ ਦੀ ਸ਼ਕਤੀ,ਰਾਜਨੀਤੀ ਅਥਵਾ ਬਾਹੂ ਬਲ ਵਿੱਚ ਹੈ ਅਤੇ ਪੀਰੀ ਦੀ ਸ਼ਕਤੀ ਪੀਰ ਦੇ ਬੋਲਾਂ ਵਿੱਚ ਹੈ।ਪਰ ਅਸੀਂ ਵੇਖਦੇ ਹਾਂ ਕਿ ਜਿਨ੍ਹਾਂ ਨੂੰ ਪੀਰੀ ਦੀ ਸ਼ਕਤੀ ਪ੍ਰਾਪਤ ਹੋਈ। ਉਨ੍ਹਾਂ ਦੀ ਬਚਨ ਸਿੱਧੀ ਕਰਕੇ ਉਹਨਾਂ ਦਾ ਹਰ ਵਰ ਸਰਾਪ ਪੂਰਾ ਹੁੰਦਾ ਸੀ।ਜਿਸ ਲਈ ਸੰਸਾਰ ਦੇ ਲੋਕ ਤਾਂ ਉਹਨਾਂ ਤੋਂ ਭੈਅ ਖਾਂਦੇ ਹੀ ਸਨ ਰਾਜੇ-ਮਹਾਰਾਜੇ ਵੀ ਉਹਨਾਂ ਦੇ ਖੌਫ਼ ਸਦਕਾ ਧਾਰਮਿਕ ਲੋਕਾਂ ਦੇ ਹੁਕਮ ਅਨੁਸਾਰ ਆਪਣਾ ਰਾਜ ਭਾਗ ਚਲਾਉਂਦੇ ਸਨ।ਅਸੀਂ ਇਤਿਹਾਸ ਦੇ ਪੰਨਿਆ ਵਿੱਚ ਪੰਡਿਤਾਂ ਅਤੇ ਮੁਲਾਣਿਆਂ ਦੁਆਰਾ ਧਰਮ ਦੇ ਨਾਂ ਤੇ ਕਰਵਾਇਆ ਗਿਆ ਅੱਤਿਆਚਾਰ ਵੇਖਦੇ ਹਾਂ।ਦੂਸਰੇ ਪਾਸੇ ਰਾਜੇ ਨਿਰੋਲ ਸੰਸਾਰਿਕ ਪ੍ਰਭੁਤਾ ਦੇ ਮਦ ਵਿੱਚ ਆਪਣਾ ਆਪ ਭੁੱਲ ਕੇ ਆਮ ਲੋਕਾਂ ਉੱਪਰ ਤਲਵਾਰ ਚਲਾਉਣਾ ਆਪਣਾ ਹੱਕ ਸਮਝਦੇ ਸਨ।ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਨੇ ਸੰਸਾਰ ਨੂੰ ਇਹ ਪੈਗ਼ਾਮ ਦਿੱਤਾ ਕਿ ਭਾਂਵੇ ਰਾਜਾ ਹੋਵੇ ਅਤੇ ਭਾਂਵੇ ਪੀਰ ਫ਼ਕੀਰ,ਜੇ ਉਹ ਲੋਕਾਂ ਵਿੱਚ ਆਪਣੀ ਧੌਂਸ ਜਮਾਉਣ ਲਈ ਕਰਮ ਕਰਦਾ ਹੈ ਤਾਂ ਜਾਣ ਲਵੋ ਕਿ ਉਹ ਮਨੁੱਖ ਹੀ ਨਹੀਂ ਰਿਹਾ ।ਇਸ ਵਾਸਤੇ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਦੋਹਾਂ ਸ਼ਕਤੀਆਂ ਨੂੰ ਬੰਨ੍ਹ ਲਿਆ ਅਥਵਾ ਉਹਨਾਂ ਉੱਤੇ ਅੰਕੁਸ਼ ਲਾ ਦਿੱਤਾ।

ਇਸ ਪ੍ਰਕਾਰ ਦੋਵੇਂ ਸ਼ਕਤੀਆਂ ਨਾਲ-ਨਾਲ ਤੋਰਨ ਦਾ ਇਹ ਕ੍ਰਿਪਾ ਮਈ ਉਪਰਾਲਾ ਸੀ।ਜਿਸ ਦਾ ਮਤਲਬ ਸੀ ਜੇ ਰਾਜ ਭਾਗ ਵਾਲੇ ਲੋਕ ਧਰਮ ਵਿਹੂਣੇ ਹੋਣਗੇ ਤਾਂ ਉਹਨਾ ਦੀ ਸ਼ਕਤੀ ਹਮੇਸ਼ਾਂ ਧਰਮ ਦੇ ਵਿਨਾਸ਼ ਵਾਲੇ ਪਾਸੇ ਹੀ ਲੱਗੇਗੀ ਪਰ ਜੇਕਰ ਦੁਨਿਆਵੀ ਸ਼ਕਤੀ ਵਾਲੇ ਮਨੁੱਖ ਦੇ ਹਿਰਦੇ ਵਿੱਚ ਧਰਮ ਹੋਵੇਗਾ ਤਾਂ ਉਹ ਆਪਣੀ ਸ਼ਕਤੀ ਨੂੰ ਸ੍ਵੈ ਧਰਮ ਅਤੇ ਦੂਜਿਆਂ ਦੇ ਧਰਮ ਦੀ ਰਾਖੀ ਲਈ ਵਰਤੇਗਾ।ਭਾਈ ਗੁਰਦਾਸ ਜੀ ਦਾ ਬਚਨ ਹੈ ਕਿ ਖੇਤੀ ਦੀ ਰੱਖਿਆ ਲਈ ਵਾੜ ਅਤੇ ਬਾਗ਼ ਦੀ ਖੇਤੀ ਲਈ ਲਾਈਆਂ ਕਿੱਕਰਾਂ ਉਸ ਦੀ ਸ਼ਾਨ ਨੂੰ ਘਟਾਉਂਦੀਆਂ ਨਹੀਂ ਸਗੋਂ ਉਸ ਦੇ ਫਲਣ-ਫੁੱਲਣ ਵਿੱਚ ਆਪਣਾ ਯੋਗਦਾਨ ਪਾਉਂਦੀਆਂ ਹਨ।ਜਿਸ ਤਰ੍ਹਾਂ ਬੂਹੇ ਨੂੰ ਜਿੰਦਰਾ ਅਤੇ ਘਰ ਵਿੱਚ ਰੱਖਿਆ ਕੁੱਤਾ ਘਰ ਦੀ ਸੁਰੱਖਿਆ ਨੂੰ ਮਜ਼ਬੂਤ ਕਰਦਾ ਹੈ।

**ਖੇਤੀ ਵਾੜ ਸੁ ਢਿੰਗੜੀ ਕਿਕਰ ਆਸ ਪਾਸ ਜਿਉਂ ਬਾਗੈ।**
**ਸੱਪ ਲਪੇਟੇ ਚੰਨਣੈ ਬੂਹੇ ਜੰਦਾ ਕੁੱਤਾ ਜਾਗੈ।**

ਇਸ ਲਈ ਪੀਰੀ ਦੀ ਰੱਖਿਆ ਲਈ ਮੀਰੀ ਦਾ ਹੋਣਾ ਜਰੂਰੀ ਸਮਝ, ਸਤਿਗੁਰੂ ਜੀ ਨੇ ਦੋ ਤਲਵਾਰਾ ਧਾਰਨ ਕੀਤੀਆਂ।

# ਰੁਦ੍ਰ ਅਵਤਾਰ: ਦੱਤਾਤ੍ਰੇਯ

– ਮਾਸਟਰ ਦਰਸ਼ਨ ਸਿੰਘ

ਅਕਾਲ ਪੁਰਖ ਨੂੰ ਪਹਿਲਾ ਗੁਰੂ ਧਾਰਣ ਤੋਂ ਬਾਦ ਦੱਤਾ ਤ੍ਰੇਯ ਜੀ ਨੇ ਮਨ ਹੀ ਮਨ ਵਿਚ "ਮਨ" ਨੂੰ ਦੂਜਾ ਗੁਰੂ ਧਾਰਣ ਕੀਤਾ ਕਿਉਂਕਿ :-

**"ਨਾਥ ਤਉ ਹੀ ਪਛਾਨ,ਜੋ ਮਨ ਮਨਈ ਜਿਹ ਕਾਲ॥**
**ਸਿਧ ਤਉ ਮਨ ਕਾਮਨਾ, ਸੁਧ ਹੋਤ ਹੈ ਸੁਨਿ ਲਾਲ॥"**

ਤਦ ਹੀ ਮਾਲਕ ਦੀ ਪਛਾਣ ਹੁੰਦੀ ਹੈ ਜਦ ਮਨ ਮੰਨ ਜਾਵੇ। ਹੇ ਮੁਨੀ ਲਾਲ ਸੁਣ ਉਦੋਂ ਹੀ ਸ਼ੁਧ ਕਾਮਨਾ ਦੀ ਪ੍ਰਾਪਤੀ ਹੋ ਜਾਂਦੀ ਹੈ। ਮੁਨੀ ਦੇ ਸਿਰ ਤੇ ਜਟਾਵਾਂ ਦਾ ਜੂੜਾ ਸੋਭ ਰਿਹਾ ਹੈ, ਉਸ ਦੇ ਸਰੀਰ ਨੂੰ ਕਾਮਦੇਵ ਕਦੇ ਵੀ ਛੂਹ ਨਹੀਂ ਸਕਿਆ। ਜਿਸਨੇ ਮਹਾਨ ਯੋਗ ਦੀ ਸਾਧਨਾ ਕਰਕੇ ਸਿਧੀਆਂ ਪ੍ਰਾਪਤ ਕਰ ਲਈਆਂ ਹਨ। ਪ੍ਰਭਾਤ ਵੇਲੇ ਉੱਠ ਕੇ ਇਸਨਾਨ ਕਰਨ ਜਾਣਾ ਅਤੇ ਸੰਧਿਆ ਸਮੇਂ ਦੇ ਥਾਪੇ ਕਰਮਾ ਵਿਚ ਵੀ ਪਰਪੱਕ ਹੈ। ਇਸ ਦੇ ਫਲ-ਸਵਰੂਪ ਜੇ ਉਸ ਨੂੰ ਭੁਖ, ਤੇਹ ਸਤਾਂਦੀ ਹੈ ਤਾਂ ਉਹ ਇਕਾਗਰ ਚਿੱਤ ਰਹਿੰਦਾ ਹੈ, ਚਿਤ ਨੂੰ ਕਦੇ ਵੀ ਚਲਾਇਮਾਨ ਨਹੀਂ ਹੋਣ ਦਿੰਦਾ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰ ਉਸ ਦੇ ਨੇੜੇ ਵੀ ਨਹੀਂ ਢੁਕਦੇ। ਮੁਨੀ ਦਾ ਇਸ ਤਰ੍ਹਾਂ ਨਿੱਤ- ਕਰਮ ਅਤੇ ਬ੍ਰਿਤੀ ਨੂੰ ਵੇਖ ਕੇ :-

**"ਜਕੇ ਜੱਛ ਗੰਧ੍ਰਬ ਬਿਦਿਆ ਨਿਧਾਨੰ॥**
**ਚਕੇ ਦੇਵਤਾ ਚੰਦ ਸੂਰੰ ਸੁਰਾਨੰ॥**
**ਛਕੇ ਜੀਵ ਜੰਤੂੰ ਲਖੇ ਪਰਮ ਰੂਪੰ॥**
**ਤਜਜੋ ਗਰਬ ਸਰਬੰ ਲਗੇ ਪਾਨ ਭੂਪੰ॥"**

ਵਿੱਦਿਆ ਦੇ ਖਜ਼ਾਨੇ ਯਖਸ਼ ਗੰਧਰਬ, ਦੇਵਤੇ, ਚੰਦ੍ਰਮਾ, ਸੂਰਜ ਅਤੇ ਦੈਂਤ ਜੀਵ ਇਸ ਤਰ੍ਹਾਂ ਦੇ ਪਰਮ-ਰੂਪ ਨੂੰ ਵੇਖ ਕੇ ਹੈਰਾਨ ਹੋ ਰਹੇ ਹਨ।

ਰਾਜਿਆਂ ਨੇ ਵੀ ਅਪਨਾ ਰਾਜ ਛੱਡ ਕੇ ਸੰਨਿਆਸੀਆਂ ਵਾਲਾ ਭੇਖ ਧਾਰਨ ਕਰ ਲਿਆ ਹੈ:-

**" ਮੰਡਿ ਅੰਗ ਬਿਭੂਤਿ ਉਜਲ ਸੀਸ ਜੂਟ ਜਟਾਨ॥**
**ਭਾਂਤਿ ਭਾਂਤਨ ਸੋ ਸੁਭੈ ਸਭ ਰਾਜ ਪਾਟ ਨਿਧਾਨ॥"**

ਸਰੀਰ ਉਤੇ ਸੁਆਹ ਮਲ ਲਈ, ਸਿਰ ਉਤੇ ਜਟਾਵਾਂ ਦਾ ਜੂੜਾ ਬਣਾ ਲਿਆ। ਜਿਹੜੇ ਰਾਜੇ, ਰਾਜਸੀ ਠਾਠ ਬਾਠ ਅਤੇ ਖਜਾਨਿਆਂ ਵਾਲੇ ਸਨ। ਸੰਸਾਰਕ ਮੋਹ ਨੂੰ ਤਿਆਗ ਕੇ ਵੱਡੀ ਸੰਖਿਆ ਵਿਚ ਚੇਲੇ ਬਣ ਗਏ।

ਹੁਣ ਦੱਤਾ ਤ੍ਰੇਯ ਆਪਨੇ ਚੇਲਿਆਂ ਸਮੇਤ ਦੇਸ਼ਾਂ ਦੇਸ਼ਾਂਤਰਾਂ ਦਾ ਭ੍ਰਮਣ ਕਰਨ ਲੱਗੇ।

ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ :-

**"ਚਉਬੀਸ ਗੁਰੂ ਕੀਨ ਜਿਹ ਭਾਤਾ॥**
**ਅਬ ਸੁਨ ਲੇਹੁ ਕਹੂ ਇਹ ਬਾਤਾ॥"**

ਹੁਣ ਇਸ ਤਰ੍ਹਾਂ (ਦੱਤਾ ਤ੍ਰੇਯ ਨੇ) ਚੌਵੀ ਗੁਰੂ ਧਾਰਣ ਕੀਤੇ (ਜਿਨ੍ਹਾਂ ਵਿਚ ਦੋ ਗੁਰੂਆਂ ਦਾ ਵਰਨਣ ਕੀਤਾ ਜਾ ਚੁਕਾ ਹੈ) ਇਹ ਗਲ ਕਹਿੰਦਾ ਹੈ ਸੁਣ ਲਵੋ।

**"ਏਕ ਮਕਰਕਾ ਦੱਤ ਨਿਹਾਰੀ॥**
**ਐਸ ਹ੍ਰਿਦੈ ਅਨੁਮਾਨ ਵਿਚਾਰੀ॥"**

ਦੱਤ ਨੇ ਇਕ ਮੱਕੜੀ ਨੂੰ ਜਾਲ ਬੁਣਦਿਆਂ ਵੇਖਿਆ ਅਤੇ ਮਨ ਵਿਚ ਇਸ ਤਰ੍ਹਾਂ ਵਿਚਾਰਿਆ:-

**" ਆਪਨ ਹੀਐ ਐਸ ਅਨੁਮਾਨਾ॥**
**ਤੀਸਰ ਗੁਰੁ ਯਾਹ ਹਮ ਮਾਨਾ॥"**

ਅਤੇ ਮੱਕੜੀ ਨੂੰ ਤੀਸਰਾ ਗੁਰੂ ਮੰਨ ਲਿਆ ਕਿਉਂਕਿ :-

**"ਪ੍ਰੇਮ ਸੂਤ ਕੀ ਡੋਰਿ ਬਢਾਵੈ॥**
**ਤਬ ਹੀ ਨਾਥ ਨਿਰੰਜਨ ਪਾਵੈ"॥**

ਜਦ ਕੋਈ ਮਨੁੱਖ ਇਸ ਮਕੜੀ ਵਾਂਗ ਪ੍ਰੇਮਸਰ ਨਾਲ, ਪ੍ਰੇਮ ਦੇ ਸੂਤਰ ਦੀ ਡੋਰੀ ਵਧਾਵੇ ਤਦ ਹੀ ਉਸ ਨਿਰੰਜਨ (ਨਿਰ-ਅੰਜਨ ਮਾਇਆ ਤੋਂ ਰਹਿਤ) ਪਰਮੇਸਰ ਨੂੰ ਪਾ ਸਕੇਗਾ।

**"ਆਪਨ ਆਪੁ ਆਪ ਮੋ ਦਰਸੈ॥**
**ਅੰਤਰਿ ਗੁਰੂ ਆਤਮਾ ਪਰਸੈ॥"**

ਜਿਸ ਤਰ੍ਹਾਂ ਮੱਕੜੀ ਆਪਣੇ ਆਪ ਨੂੰ ਜਾਲ(ਜਾਲੇ) ਵਿਚ ਵੇਖਦੀ ਹੈ, ਇਸੇ ਤਰ੍ਹਾਂ ਜਦ ਜਿਗਿਆਸੂ ਆਪਣੇ ਅੰਦਰ ਆਪਣੇ ਆਪ ਨੂੰ ਵੇਖਦਾ ਹੈ ਤਾਂ ਇਸ ਨੂੰ ਅੰਦਰੋਂ ਹੀ ਆਤਮਾ ਰੂਪੀ ਗੁਰੂ (ਪਰਮੇਸਰ) ਦੇ ਦਰਸ਼ਨ ਹੋ ਜਾਂਦੇ ਹਨ।

**" ਏਕ ਸਰੂਪ, ਏਕ ਕਰਿ ਦੇਖੈ॥**
**ਆਨ ਭਾਵ ਕੋ ਭਾਵ ਨ ਪੇਖੈ॥**
**ਏਕ ਆਸ ਤਜਿ, ਅਨਤ ਨ ਧਾਵੈ॥**
**ਤਬ ਹੀ ਨਾਥ ਨਿਰੰਜਨ ਪਾਵੈ॥"**

ਅਰਥਾਤ ਇਕ ਸਰੂਪ ਨੂੰ ਇਕ ਕਰਕੇ ਮੰਨੇ ਅਤੇ ਦ੍ਵੈਤ ਭਾਵ ਨਾਲ ਪ੍ਰੇਮ ਨਾ ਕਰੇ। ਇਕ ਦੀ ਇਛਾ ਛੱਡ ਕੇ ਕਿਸੇ ਹੋਰ ਵੱਲ ਨਾ ਭੱਜੇ। ਤਦ ਹੀ ਉਸ ਮਾਲਕ ਪ੍ਰਭੂ ਦੀ ਪ੍ਰਾਪਤੀ ਕਰ ਸਕੇਗਾ।

ਇਸ ਤਰ੍ਹਾਂ ਮੱਕੜੀ ਨੂੰ ਗੁਰੂ ਧਾਰਣ ਕਰਕੇ ਦੱਤਾ ਤ੍ਰੇਯ ਚੇਲਿਆਂ ਸਹਿਤ ਅਗੇ ਤੁਰੇ ਤਾਂ ਕੀ ਵੇਖਿਆ ਕਿ ਇੱਕ ( ਮੱਛ ਰਾਸਕਰ) ਮਛੀਆਂ ਖਾਣ ਵਾਲਾ(ਬਗੁਲਾ) ਬੈਠਾ ਹੈ। ਚਿੱਟੇ ਰੰਗ ਦੇ ਸਰੀਰ ਵਾਲਾ ਇਸ ਤਰ੍ਹਾਂ ਮੱਛ ਵਾਸਤੇ ਧਿਆਨ ਵਿਚ ਲੀਨ ਹੈ ਜਿਸ ਨੂੰ ਵੇਖ ਕੇ ਮਹਾਨ ਮੋਨੀ, ਤਪੱਸਵੀ ਵੀ ਸ਼ਰਮਸਾਰ ਹੁੰਦੇ ਹਨ ਤਾਂ ਮਨ ਵਿਚ ਵਿਚਾਰ ਕੀਤੀ :-

**"ਐਸੋ ਧਿਆਨ ਨਾਥ ਹਿਤ ਲਈਐ॥**
**ਤਬ ਹੀ ਪਰਮ ਪੁਰਖ ਕਹ ਪਈਐ॥**
**ਮਛਾਂਤਕ ਲਖਿ ਦੱਤ ਲੁਭਾਨਾ॥**
**ਚਤੁਰਥ ਗੁਰੂ ਤਾਸ ਅਨੁਮਾਨਾ॥"**

ਜੇ ਇਸ ਤਰ੍ਹਾਂ ਦਾ ਧਿਆਨ (ਬਗੁਲੇ ਦੀ ਤਰ੍ਹਾਂ) ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਲਾਈਏ ਤਾਂ ਪਰਮ ਪੁਰਖ (ਪਰਮਾਤਮਾ ) ਨੂੰ ਪਾ ਸਕੀਦਾ ਹੈ। ਬਗੁਲੇ ਨੂੰ ਇਸ ਦਸ਼ਾ ਵਿਚ ਦੇਖ ਕੇ ਦੱਤ ਦਾ ਮਨ ਲੁਭਾਇਅਨ ਹੋ ਗਿਆ ਅਤੇ ਉਸ ਨੂੰ ਚੌਥਾ ਗੁਰੂ ਮੰਨ ਲਿਆ।

ਏਥੋ ਚੱਲ ਕੇ ਸ਼੍ਰੇਸ਼ਠ ਮੁਨੀ ਆਪਣਿਆਂ ਚੇਲਿਆਂ ਸਹਿਤ ਅਗੇ ਨਿਕਲ ਤੁਰਿਆ।

**"ਆਗੇ ਚਲਾ ਦੱਤ ਮੁਨਿ ਰਾਈ॥**
**ਸੀਸ ਜਟਾ ਕਹ ਜੂਟ ਛਕਾਈ॥**
**ਦੇਖਾ ਏਕ ਬਿੜਾਲ ਜੁ ਆਗੈ॥**
**ਧਿਆਨ ਲਾਇ ਮੁਨਿ ਨਿਰਖਨ ਲਾਗੈ॥"**
**ਮੂਸ ਕਾਜ ਜਸ ਲਾਵਤ ਧਿਅਨੂੰ॥**
**ਲਾਜਤ ਦੇਖਿ ਮਹੰਤ ਮਹਾਨੂੰ॥**

ਮੁਨੀ ਦੇ ਸਿਰ ਤੇ ਜਟਾਵਾਂ ਦਾ ਜੂੜਾ ਸ਼ੋਭਾ ਦੇ ਰਿਹਾ ਹੈ। ਅੱਗੇ ਚੱਲ ਕੇ ਵੇਖਿਆ ਕਿ ਇਕ ਬਿੜਾਲ (ਬਿੱਲਾ) ਹੈ ਜੋ ਕਿ ਚੂਹੇ ਨੂੰ ਫੜਨ ਲਈ ਧਿਆਨ ਲਾਈ ਬੈਠਾ ਹੈ। ਉਸ ਦੇ ਧਿਆਨ ਨੂੰ ਵੇਖ ਕੇ ਵੱਡੇ ਵੱਡੇ ਮਹੰਤ ਵੀ ਲੱਜਾਵਾਨ ਹੁੰਦੇ ਹਨ ਤਾਂ ਮਨ ਵਿਚ ਸੋਚ ਆਈ :-

**"ਐਸ ਧਿਆਨ ਹਰਿ ਹੇਤ ਲਗਈਐ,**
**ਤਬ ਹੀ ਨਾਥ ਨਿਰੰਜਨ ਪਈਐ॥"**

ਜੇ ਇਸ ਤਰ੍ਹਾਂ (ਬਿੱਲੇ ਦੀ ਤਰ੍ਹਾ) ਪਰਮੇਸਰ ਦੀ ਪ੍ਰਾਪਤੀ ਲਈ ਧਿਆਨ ਲਗਾਇਆ ਜਾਵੇ ਤਾਂ ਨਿਰੰਜਨ ਸੁਆਮੀ(ਮਾਇਆ ਤੋਂ ਰਹਿਤ ਮਾਲਕ) ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਵਿਚਾਰ ਨਾਲ ਮੈਂ ਇਸ ਬਿੱਲੇ ਨੂੰ ਪੰਜਵਾਂ ਗੁਰੂ ਮੰਨਿਆ ਹੈ ਕਿਉਂਕਿ :-

**"ਐਸੀ ਭਾਂਤਿ ਧਿਆਨ ਜੋ ਲਾਵੈ॥**
**ਸੋ ਨਿਹਚੈ ਸਾਹਿਬ ਕੋ ਪਾਵੈ"॥**

ਬਿੱਲੇ ਨੂੰ ਪੰਜਵਾਂ ਗੁਰੂ ਧਾਰਨ ਤੋਂ ਬਾਦ ਆਪਨੇ ਜੱਥੇ ਸਮੇਤ ਅਗੇ ਤੁਰਿਆ ਤਾਂ ਕੀ ਵੇਖਦਾ ਹੈ ਕਿ ਰੂੰ-ਪੇਂਜਾ, ਰੂੰ ਪਿੰਜ ਰਿਹਾ ਹੈ ਪਰ ਕੋਲੋਂ ਏਡਾ ਵੱਡਾ ਕਾਫਲਾ ਲੰਘ ਜਾਣ 'ਤੇ ਵੀ ਇਸਨੇ ਧਿਆਨ ਨਹੀਂ ਹਟਾਇਆ। ਕਲਗੀਧਰ ਪਾਤਸ਼ਾਹ ਜੀ ਲਿਖਦੇ ਹਨ:-

**"ਰੂਈ ਧੁਨਖਤੋ ਫਿਰਿ ਨ ਨਿਹਾਰਾ॥**
**ਨੀਚ ਹੀ ਗ੍ਰੀਵਾ ਰਹਾ ਵਿਚਾਰਾ॥**
**ਦੱਤ ਬਿਲੋਕਿ ਹੀਏ ਮੁਸਕਾਨਾ॥**
**ਖਸਟਮ ਗੁਰੂ ਤਿਸੀ ਕਹੁ ਜਾਨਾ॥"**

ਉਸ ਵਿਚਾਰੇ ਦੀ ਗਰਦਨ ਨੀਵੀ ਹੀ ਰਹੀ। ਇਹ ਵੇਖ ਕੇ ਦੱਤ ਹਿਰਦੇ ਵਿਚ ਮੁਸਕਰਾਇਆ ਅਤੇ ਉਸਨੂੰ ਛੇਵਾਂ ਗੁਰੂ ਮੰਨ ਲਿਆ ਤੇ ਸਮਝਿਆ ਕਿ :-

**"ਕ੍ਰਮ ਹੇਤ ਇਹ ਜਿਮ ਚਿਤ ਲਾਯੋ॥**
**ਸੈਨ ਗਈ ਪਰ ਸਿਰ ਨ ਉਚਾਯੋ॥**
**ਤੈਸੀਏ ਪ੍ਰਭ ਸੋ ਪ੍ਰੀਤ ਲਗਈਐ॥**
**ਤਬ ਹੀ ਪੁਰਖ ਪੁਰਾਤਨ ਪਈਐ॥"**

ਇਸ ਨੇ (ਰੂੰ ਪਿੰਜਣ ਲਈ) ਜਿਵੇਂ ਮਨ ਲਾਇਆ ਹੈ, ਸੈਨਾ ਲੰਘ ਗਈ ਹੈ ਪਰ ਇਸ ਨੇ ਸਿਰ ਨਹੀ ਚੁੱਕਿਆ। ਅਜਿਹੀ ਹੀ ਪ੍ਰੀਤ ਪ੍ਰਭੂ ਨਾਲ ਲਾਣੀ ਚਾਹੀਦੀ ਹੈ ਤਦ ਹੀ (ਪੁਰਖ ਪੁਰਾਤਨ) ਪਰਮੇਸ਼ਰ ਨੂੰ ਪਾਈਦਾ ਹੈ। ਪੇਂਜੇ ਨੂੰ ਛੇਵਾਂ ਗੁਰੂ ਧਾਰਣ ਤੋਂ ਬਾਦ ਅਗੇ ਚਲਿਆ ਤਾਂ ਕੀ ਵੇਖਦਾ ਹੈ :-

**"ਨਿਰਖਾ ਤਹਾ ਏਕ ਮਛਹਾ॥**
**ਲਏ ਜਾਰ ਕਰ ਜਾਤ ਨ ਕਹਾ॥**
**ਬਿਨਛੀ ਏਕ ਹਾਥ ਮੋ ਧਾਰੇ॥**
**ਜਰੀਆ ਅੰਧ ਕੰਧ ਪਰ ਡਾਰੇ॥"**

ਇਕ ਮਾਛੀ (ਮਛੀਆਂ ਫੜਨ ਵਾਲਾ) ਜਿਸਨੇ ਜਾਲ ਲਾਇਆ ਹੋਇਆ ਹੈ, ਹੱਥ ਵਿਚ ਬਿਨਛੀ(ਇਕ ਕੁੰਡੀ ਵਾਲੀ ਸੋਟੀ) ਫੜੀ ਹੋਈ ਹੈ। ਜਾਲ ਦਾ ਇਕ ਸਿਰਾ ਮੋਢੇ ਤੇ ਟੰਗਿਆ ਹੋਇਆ ਹੈ। ਮੱਛੀ ਦੀ ਪ੍ਰਾਪਤੀ ਲਈ ਇਕ ਥਾਂ ਤੇ ਇਸ ਤਰ੍ਹਾਂ ਅਹਿੱਲ ਖਲੋਤਾ ਪ੍ਰਤੀਤ ਹੋ ਰਿਹਾ ਹੈ ਜਿਵੇਂ ਉਸ ਦੇ ਸਰੀਰ ਵਿਚ ਸੁਾਸ ਹੀ ਨਹੀਂ ਹਨ। ਤਾਂ ਮੁਨੀ ਰਾਜ ਨੇ ਕਿਹਾ :-

**"ਇਹ ਬਿਧ ਨੇਹ ਨਾਥ ਸੋ ਲਈਐ॥**
**ਤਬ ਹੀ ਪੂਰਨ ਪੁਰਖ ਕਹ ਪਈਐ॥"**

ਇਸ ਤਰ੍ਹਾਂ ਦਾ ਪ੍ਰੇਮ ਪ੍ਰਮੇਸਰ ਨਾਲ ਲਾਈਏ ਤਾਂ ਹੀ ਪੂਰਨ-ਪੁਰਖ (ਪਰਮੇਸਰ) ਨੂੰ ਪ੍ਰਾਪਤ ਕਰ ਲਿਆ ਜਾਂਦਾ ਹੈ। ਇਸ ਤਰ੍ਹਾਂ ਸੱਤਵਾਂ ਮਛੇਰਾ ਗੁਰੂ ਧਾਰਣ ਦਾ ਪ੍ਰਸੰਗ ਪੂਰਾ ਹੋਇਆ।

ਭ੍ਰਮਣ ਕਰਦੇ ਕਰਦੇ ਸ਼੍ਰੇਸ਼ਟ ਮੁਨਿ ਆਪਣੇ ਚੇਲਿਆਂ ਸਮੇਤ ਦੱਛ ਪ੍ਰਜਾ ਪਤਿ ਦੇ ਘਰ ਪੁੱਜੇ।

**"ਹਰਖਤ ਅੰਗ ਸੰਗ ਸੈਨਾ ਸੁਨਿ॥**
**ਆਯੋ ਦੱਛ ਪ੍ਰਜਾਪਤਿ ਕੇ ਮੁਨਿ॥"**

ਤਾਂ ਰਾਜੇ ਦੀ ਸੈਨਾ ਅਤੇ ਸਾਕ ਸਬੰਧੀ ਬਹੁਤ ਪ੍ਰਸੰਨ ਹੋਏ। ਤਾਂ ਮੁਨੀ ਨੇ ਕੀ ਵੇਖਿਆ :-

**"ਤਹਾਂ ਏਕ ਚੇਰਿਕਾ ਨਿਹਾਰੀ॥**
**ਚੰਦਨ ਘਸਤ ਮਨੋ ਮਤਵਾਰੀ॥**
**ਚੰਦਨ ਘਸਤ ਨਾਰਿ ਸੁਭ ਧਰਮਾ॥**
**ਏਕ ਚਿੱਤ ਹ੍ਵੈ ਆਪਨ ਘਰ ਮਾ॥**
**ਏਕ ਚਿੱਤ, ਨਹੀ ਚਿੱਤ ਚਲਾਵੈ॥**
**ਪ੍ਰਿਤਮਾ ਚਿਤ੍ਰ ਬਿਲੋਕਿ ਲਜਾਵੈ॥"**

ਇਕ ਦਾਸੀ ਸੁਭ ਆਚਾਰ ਵਾਲੀ ਇਕ ਚਿੱਤ ਹੋ ਕੇ ਚੰਦਨ ਘਸਾ ਰਹੀ ਹੈ। ਉਹ ਇਕਾਗਰ ਚਿੱਤ ਸੀ। ਅਪਨੇ ਮਨ ਨੂੰ ਚਲਾਇਮਾਨ ਨਹੀਂ ਸੀ ਹੋਣ ਦਿੰਦੀ। ਜਿਸ ਨੂੰ ਵੇਖ ਕੇ ਕਾਗਜ਼ ਤੇ ਬਣੀ ਤਸਵੀਰ ਵੀ ਸ਼ਰਮਸਾਰ ਹੋ ਰਹੀ ਸੀ।

**"ਦੱਤ ਲਏ ਸੰਨਜਾਸਨ ਸੰਗਾ॥**
**ਜਾਤ ਭਯੋ ਤਿਹ ਭੇਟਤ ਅੰਗਾ॥**
**ਸੀਸ ਉਚਾਇ ਨ ਤਾਸ ਨਿਹਾਰਾ॥**
**ਰਾਵ ਰੰਕ ਕੋ ਜਾਤ ਬਿਚਾਰਾ॥"**

ਦੱਤਾ ਤ੍ਰੇਯ ਨਾਲ ਕੁਝ ਚੇਲੇ ਸਨ। ਮੁਨੀ ਰਾਜ ਉਸ ਦਾਸੀ ਦੇ ਸਰੀਰ ਨਾਲ ਖਹਿ ਕੇ ਲੰਘਿਆ ਪਰ ਉਸ ਦਾਸੀ(ਨੌਕਰਾਣੀ) ਨੇ ਸਿਰ ਉੱਪਰ ਚੁਕ ਕੇ ਵੀ ਨਹੀਂ ਵੇਖਿਆ ਕਿ ਕੌਣ ਰਾਜਾ ਜਾਂ ਕੌਣ ਗਰੀਬ ਲੰਘਿਆ ਹੈ। ਇਹ ਵੇਖ ਕੇ ਦੱਤਾ ਤ੍ਰੇਯ ਬਹੁਤ ਪ੍ਰਭਾਵਤ ਹੋਇਆ ਅਤੇ ਇਸ ਨੂੰ ਅੱਠਵਾਂ ਗੁਰੂ ਮੰਨ ਲਿਆ ਅਤੇ ਕਿਹਾ :-

**"ਧੰਨਿ ਧੰਨਿ ਇਹ ਚੇਰਿਕਾ ਸਭਾਗੀ॥**
**ਜਾ ਕੀ ਪ੍ਰੀਤਿ ਨਾਥ ਸੰਗਿ ਲਾਗੀ॥**
**ਐਸੀ ਪ੍ਰੀਤ ਹਰਿ ਹੇਤ ਲਗਈਐ॥**
**ਤਬ ਹੀ ਨਾਥ ਨਿਰੰਜਨ ਪਈਐ॥"**

ਇਹ ਭਾਗਵਾਨ ਦਾਸੀ ਧੰਨ ਹੈ ਜਿਸਦੀ ਪ੍ਰੀਤ ਅਪਨੇ ਮਾਲਕ ਨਾਲ ਲੱਗੀ ਹੈ (ਜਿਸ ਵਾਸਤੇ ਚੰਦਨ ਘਸਾ ਰਹੀ ਹੈ) ਜੇ ਇਸ ਤਰ੍ਹਾਂ ਦੀ ਪ੍ਰੀਤ ਹੋਵੇ ਤਾਂ ਹੀ ਮਾਲਕ (ਨਿਰੰਜਨ) ਮਾਇਆ ਤੋਂ ਰਹਿਤ ਪਰਮੇਸਰ ਨੂੰ ਪਾ ਲਈਦਾ ਹੈ। ਇਹ ਵਿਚਾਰ ਲੈ ਕੇ ਨੌਕਰਾਣੀ ਨੂੰ ਅਠਵਾਂ ਗੁਰੂ ਧਾਰ ਲਿਆ।

**...... (ਚੱਲਦਾ)**

# Birth of Guru Hargobind Ji

-By Aala Singh

Guru Arjan Dev Ji was residing in *Wadali* village, during the time when (Guru) Hargobind Ji was about to take birth. Devotees from near and far-off places like Khurasan, Kabul, Peshawar, Kashmir, Balkh Bukhara, Multan and others, used to come to pay their homage and have a glimpse of Guru Arjan Dev Ji. Many used to stay for long periods and wished to attain spiritual knowledge and enlightenment. Enemies of *Guru-ghar* used to feel jealous, those who could not bear the glory of the Guru. At *Wadali* village, the Sikh *Sangat* was residing in peace and happiness. People used to come regularly and bring various offerings along with wealth to present to the Guru. For benefit of the *Sangat*, Guru Arjan Dev Ji had installed wells in the village. *Langar* (community kitchen) used to function day and night. *Masands* (administrative representatives appointed by Guru) used to collect the money, which the Guru Ji himself never touched. The money was spent in welfare works, which was highly praised everywhere.

On the auspicious day of 21st *Harh* 1652 *Samvat*, after passing of mid-night, when the time of *Pukh Nakshatra* (lunar mansion) started, Guru Hargobind Ji took birth on this earth. With birth of the child, the whole home was illuminated, *Dayi* (nurse) was full of joy. As if mind-alluring moon has appeared, the beauty of the face was beyond description. Destroyer of the adversaries, fire-like for the woods of sin, of unparalleled intellect and the one who would spellbind all, whose power would be acknowledged everywhere, such a bright baby had taken birth. When Mata Ganga Ji saw the baby, her happiness had no limits. When *Dayi* told this news, there was complete bliss everywhere, like a peacock has heard the sound of clouds about to rain, like a poor person has got *Kalpavrisha,* capable of fulfilling all desires. Someone was distributing clothes, someone giving money, as Mata Ji was instructing, maids were obliging accordingly. The whole environment was of a grand festival.

As if the whole surroundings turned into charm and delight in little time. One maid ran to the place where Guru Arjan Dev Ji, awake and waiting for the birth of baby, was staying. The Guru Ji was sitting alone in meditation at that time. The maid informed, 'Guru Ji! A baby boy has taken birth in your home. Everybody is rejoicing'. On hearing this, Guru Arjan Dev Ji expressed his happiness and thanked Almighty God. Guru Ji got up, took bath and sat on prayers. He proclaimed that the baby will be a leading *Avatar* (incarnation), greatest of men, great altruistic who will benefit many a mankind and will start new tradition. Noticing the particular time, Guru Arjan Dev Ji sang *Raga Asa* **Asa Mahala 5th** (Page 396 of Aad Sri Granth Sahib),

**ਸ੍ਰੀ ਮੁਖਵਾਕ॥ ਆਸਾ ਮਹਲਾ ੫॥**
**ਸਤਿਗੁਰ ਸਾਚੈ ਦੀਆ ਭੇਜਿ॥**
**ਚਿਰ ਜੀਵਨੁ ਉਪਜਿਆ ਸੰਜੋਗਿ॥**
**ਉਦਰੈ ਮਾਹਿ ਆਇ ਕੀਆ ਨਿਵਾਸ॥**
**ਮਾਤਾ ਕੈ ਮਨਿ ਬਹੁਤ ਬਿਗਾਸ॥੧॥**
**ਜੰਮਿਆ ਪੂਤੁ ਭਗਤੁ ਗੋਵਿੰਦ ਕਾ॥**
**ਪ੍ਰਗਟਿਆ ਸਭ ਮਹਿ ਲਿਖਿਆ ਧੁਰਕਾ॥**
**ਰਹਾਉ॥ (ਪੰਨਾ ੩੯੬)**

''The true Satguru has sent [(Guru) Hargobind]..After a long time, the event happened.. [(Guru) Hargobind] had taken residence in the womb..Has comforted the mind of mother..The devotee of *Govind* (God) has taken birth..The Destined has appeared....".

Then, Guru Ji sang *Raga Bilawal* **Bilawal Mahala 5th** (Page 806 of Aad Sri Granth Sahib),

**(page no.19)........**

# ਮੀਰੀ ਪੀਰੀ

-ਵਿਧਾਤਾ ਸਿੰਘ ਤੀਰ

ਕਿਸੇ ਇਕ ਖਿਆਲ ਵਿਚ ਗੁੰਮ ਹੋਇਆ,
ਦਸਾਂ ਕੀ? ਜਿਹੜਾ ਚਮਤਕਾਰ ਡਿੱਠਾ।
ਸ਼ਾਂਤੀ ਬੀਰਤਾ ਗਾਤਰੇ ਪਾਈ ਹੋਈ,
ਬਾਂਕੇ ਘੋੜੇ ਤੇ ਇਕ ਸਵਾਰ ਡਿੱਠਾ।
ਓਦ੍ਹੀ ਚਾਨਣੀ ਦਾ ਭਰੇ ਚੰਨ ਪਾਣੀ,
ਓਹਨੂੰ ਨੂਰ ਦਾ ਪਿਆ ਪ੍ਰਵਾਰ ਡਿੱਠਾ।
ਗੰਗਾ ਆ ਆ ਕੇ ਧੋਵੇ ਚਰਨ ਜਿਸ ਦੇ,
ਗੰਗਾ ਮਾਈ ਦਾ ਉਹ ਹੋਣਹਾਰ ਡਿੱਠਾ।
ਉਹਨੂੰ ਵੇਖ ਕੇ ਚੜ੍ਹ ਗਿਆ ਚਾਅ ਮੈਨੂੰ,
ਦਸਾਂ ਕੀ ਹਾਲਤ ਮੇਰੀ ਜੋ ਹੋ ਗਈ।
ਓਹਦੇ ਚਿਹਰੇ ਦੀ ਪਈ ਚਿਲਕੋਰ ਐਸੀ,
ਲੂੰਅ ਲੂੰਅ ਮੇਰੇ ਅੰਦਰ ਲੋ ਹੋ ਗਈ।
ਵਾਂਗ ਗੋਲੀਆਂ ਚਰਨਾਂ ਦੇ ਵਿਚ ਬਹਿ ਕੇ,
ਕਰਦੀ ਉਦ੍ਹੀ ਵਡਿਆਈ ਵਡਿਆਈ ਵੇਖੀ।
ਮੁਕਤ ਓਸ ਤੋਂ ਮੰਗਦੀ ਮੁਕਤ ਵੇਖੀ,
ਸੱਚ ਮੰਗਦੀ ਓਥੋਂ ਸਚਿਆਈ ਵੇਖੀ।
ਤਣੀਆਂ ਫੜ ਫੜ ਕੇ ਸੱਚੇ ਤਣ੍ਹੀ ਦੀਆਂ,
ਜਨਮ ਜੂਨ ਤੋਂ ਹੁੰਦੀ ਰਿਹਾਈ ਵੇਖੀ।
ਰੇਜਾ ਗਾੜ੍ਹੇ ਦਾ ਵੇਖਿਆ ਭੇਟ ਚੜ੍ਹਦਾ,
ਤਰਦੀ ਮਾਈ ਦੇ ਨਾਲ ਲੁਕਾਈ ਵੇਖੀ।
ਜਿਦ੍ਹੇ ਪੈਰਾਂ 'ਚ ਰੁਲਦੀਆਂ ਪਾਤਸ਼ਾਹੀਆਂ,
ਡਿੱਠਾ ਓਸ ਸੱਚੀ ਪਾਤਸ਼ਾਹੀ ਨੂੰ ਮੈਂ।
ਪੜ੍ਹੇ ਪੰਡਤਾਂ ਦੀ ਨਹੀਂ ਪਹੁੰਚ ਜਿੱਥੇ,
ਉੱਥੇ ਪੁੱਜਦਾ ਵੇਖਿਆ ਘਾਹੀ ਨੂੰ ਮੈਂ।
ਰੰਗਾ ਰੰਗ ਦੇ ਹੀ ਉਹਦੇ ਰੂਪ ਡਿੱਠੇ,
ਬੰਦੀਵਾਨ ਵੀ ਹੈ, ਬੰਦੀ-ਛੋੜ ਵੀ ਹੈ।
ਲਾ ਕੇ ਤੋੜਦਾ ਨਹੀਂ, ਤੋੜ ਚਾੜ੍ਹਦਾ ਹੈ,
ਮਾਣ-ਰੱਖ ਵੀ ਹੈ, ਮਾਣ-ਤੋੜ ਵੀ ਹੈ।
ਟੁੱਟੇ ਜੋੜਦਾ ਹੈ, ਜੁੜੇ ਪਿਆਰਦਾ ਹੈ,
ਏਡਾ ਬਲੀ ਹੈ ਬੀਰ ਬੇ-ਜੋੜ ਵੀ ਹੈ।
ਦਇਆ ਧਰਮ ਦਾ ਸੱਤ ਨਚੋੜ ਹੈ ਓਹ,
ਲੈਂਦਾ ਜ਼ੁਲਮ ਦੀ ਰੱਤ ਨਿਚੋੜ ਵੀ ਹੈ।
ਡਿੱਠਾ ਓਸ ਦੀ ਮਿਹਰ ਦਾ ਮੀਂਹ ਵਰ੍ਹਦਾ,
ਜਿਨ੍ਹੇ ਫਲ ਲਾਏ ਵੱਲ ਸੱਖਣੀ ਨੂੰ।
ਉਹਦੀ ਸੱਤਿਆ ਇਕ ਦੇ ਸੱਤ ਦਿੱਤੇ,
ਆਈ ਮੰਗਤੀ ਮਾਈ ਸੁਲੱਖਣੀ ਨੂੰ।
ਉਦ੍ਹੇ ਡਲ੍ਹਕਦੇ ਝਲਕਦੇ ਨੂਰ ਅੱਗੇ,
ਡਿੱਠਾ ਝੁਕਿਆ ਨੂਰ ਜਹਾਨ ਦਾ ਸਿਰ।
ਓਸ ਸੱਚੇ ਸੁਲਤਾਨ ਦੇ ਤਾਜ ਅੱਗੇ,
ਨੀਵਾਂ ਡਿੱਠਾ ਜਹਾਂਗੀਰ ਸੁਲਤਾਨ ਦਾ ਸਿਰ।
ਉਸ ਸ਼ਾਹ ਦੇ ਚਿਹਰੇ ਦੀ ਸ਼ਾਨ ਅੱਗੇ,
ਹੈਸੀ ਝੁਕਿਆ ਸ਼ਾਹਾਂ ਦੀ ਸ਼ਾਨ ਦਾ ਸਿਰ।
ਉਦ੍ਹੀ ਬੀਰਤਾ ਤੇ ਅਣਖ-ਆਣ ਅੱਗੇ,
ਪਿਆ ਰੁੱਲਦਾ ਸੀ ਅਣਖ ਆਨ ਦਾ ਸਿਰ।
'ਤੀਰ' ਹਰੀਮੰਦਰ ਅੰਦਰ ਵੱਸਦਾ ਹੈ,
ਹਰ ਇੱਕ ਦੀ ਅਸਲ ਵਿੱਚ ਜਿੰਦ ਹੈ ਉਹ।
ਮੀਰੀ ਪੀਰੀ ਦੀ ਜਿਨ੍ਹੇ ਕਮਾਈ ਕੀਤੀ,
ਹਰਗੋਬਿੰਦ ਹੈ ਉਹ, ਬਖਸ਼ਿੰਦ ਹੈ ਉਹ।

---

..................(previous page no.18)

**ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹਾਰਿਆ॥**
**ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ॥੧॥**
**ਕਾਰਜੁ ਸਤਿਗੁਰਿ ਆਪਿ ਸਵਾਰਿਆ॥**
**ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ॥੧॥ ਰਹਾਉ॥**
**ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਓਗਲੇ ਜੀਅ ਸਾਧਾਰਿਆ॥**
**ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ॥**
**(ਬਿਲਾਵਲੁ ਮਹਲਾ ੫-ਪੰਨਾ ੮੦੬)**

"Almighty God has given ever-lasting joy, has remembered his glory..Saints have been graceful, the whole family comforted..God himself has fulfilled the event..Har Gobind has long age..(God has remembered) joy, happiness, welfare....".

The news spread in the whole village. Whoever used to hear the news, rushed to have a glimpse of the glorious baby, (Guru) Hargobind. The doorways of the home were being decorated with strings of fresh, green leaves; musical instruments were being played; women in new dresses were meeting and congratulating each other and were feeling joyous. Poets and singers of various categories *Dhadhees*, *Bhatts*, etc. were chanting invocations. Different musical instruments *Rabaab*, *Sitar*, *Dhol*, *Nagare*, *Mridang*, etc. were being played. *Jaikaras* (ovation; *Jo Bole So Nihaal*, *Sat Sri Akaal*) were being called repeatedly and loudly. During the day time, Sant Baba Budda Ji came along with Bhai Gurdass Ji to have *Darshan* of (Guru) Hargobind Ji. Every house in the village was celebrating. Soon the news disseminated to far flung places and for next many days, *Sangat* overjoyed the incarnation of Guru Hargobind, whose contributions and grace was going to be witnessed by all in days to come.

(The details of the event have been selectively taken from Sri Gur Partap Sooraj Granth composed by Bhai Santokh Singh Ji).

# ਸੁੱਚੇ ਮੋਤੀ

✪ ਧਨ ਨਾਲ ਸਦਗੁਣ ਨਹੀਂ ਪੈਦਾ ਹੁੰਦੇ,ਬਲਕਿ ਸਦਗੁਣਾਂ ਨਾਲ ਹੀ ਧਨ ਅਤੇ ਹੋਰ ਇੱਛਿਤ ਵਸਤੂਆਂ ਪ੍ਰਾਪਤ ਹੁੰਦੀਆਂ ਹਨ।

**-ਕਨਫਿਊਸ਼ਿਅਸ**

✪ ਜੇ ਤੁਸੀਂ ਅਪਵਿੱਤਰਤਾ ਅਤੇ ਸੰਸਾਰ ਭਰ ਦੇ ਪਾਪਾਂ ਤੋਂ ਬਚਣਾ ਚਾਹੋ,ਤਾਂ ਆਪਣਾ ਕੰਮ ਖੂਬ ਮਿਹਨਤ ਅਤੇ ਚੁਸਤੀ ਨਾਲ ਕਰੋ, ਚਾਹੇ ਅਸਤਬਲ(ਘੋੜਿਆਂ ਦਾ ਤਬੇਲਾ) ਸਾਫ਼ ਕਰਨ ਦਾ ਹੀ ਕਿਉਂ ਨਾ ਹੋਵੇ।

**-ਘੋਰੋ**

✪ ਸੰਪੂਰਨ ਸੰਸਾਰ ਨੂੰ ਏਕਤਾ ਦੇ ਸੂਤਰ ਵਿੱਚ ਬੰਨ੍ਹਣ ਦੀਆਂ ਯੋਜਨਾਵਾਂ ਬਨਾਉਣਾ ਸੌਖਾ ਹੈ,ਪ੍ਰੰਤੂ ਆਪਣੇ ਹਿਰਦੇ ਵਿੱਚ ਰਹਿਣ ਵਾਲੇ ਕਰੋਧ ਉੱਤੇ ਜਿੱਤ ਪਾਉਣਾ ਅਤਿਅੰਤ ਮੁਸ਼ਿਕਲ ਹੈ।

-ਅਚਾਰੀਆ ਵਿਨੋਬਾ

✪ ਇੱਕ ਅੰਗਰੇਜ਼ ਯਾਤਰੀ ਨੇ ਗਾਂਧੀ ਜੀ ਦੇ ਆਸ਼ਰਮ ਵਿੱਚ ਰਹਿਣ ਦੌਰਾਨ, ਗਾਂਧੀ ਜੀ ਨੂੰ ਕਿਹਾ :ਮੈਂ ਗੀਤਾ ਪੜ੍ਹੀ ਹੈ, ਮੈਨੂੰ ਬਹੁਤ ਚੰਗੀ ਲੱਗੀ।

ਗਾਂਧੀ ਜੀ ਨੇ ਕਿਹਾ :ਮੈਨੂੰ ਵੀ ਪੜ੍ਹਨ 'ਤੇ ਚੰਗੀ ਲਗੀ ਸੀ, ਮੈਂ ਰੋਜ਼ ਪੜ੍ਹਦਾ ਹਾਂ।

ਅੰਗਰੇਜ਼ ਨੇ ਕਿਹਾ :ਮੈਨੂੰ ਗੀਤਾ ,ਬਾਈਬਲ ਨਾਲੋਂ ਵੀ ਚੰਗੀ ਲਗੀ ਹੈ।

ਗਾਂਧੀ ਜੀ ਨੇ ਕਿਹਾ: ਮੈਨੂੰ ਗੀਤਾ ਵੀ ਚੰਗੀ ਲੱਗਦੀ ਹੈ,ਬਾਈਬਲ ਵੀ ਚੰਗਾ ਲੱਗਦਾ ਹੈ,ਮੈਂ ਦੋਵੇਂ ਪੜ੍ਹਦਾ ਹਾਂ,ਦੋਹਾਂ ਨੂੰ ਪੜ੍ਹਨਾ ਚਾਹੀਦਾ ਹੈ।

ਅੰਗਰੇਜ਼ ਨੇ ਕਿਹਾ: ਮੈਨੂੰ ਗੀਤਾ ਬਹੁਤ ਚੰਗੀ ਲਗੀ ਹੈ,ਇਤਨੀ ਚੰਗੀ ਲੱਗੀ ਹੈ ਕਿ ਮੈਂ ਹਿੰਦੂ ਧਰਮ ਅਪਨਾਉਣਾ ਚਾਹੁੰਦਾ ਹਾਂ।

ਗਾਂਧੀ ਜੀ ਨੇ ਕਿਹਾ: ਮੈਨੂੰ ਲੱਗਦਾ ਹੈ ਕਿ ਤੁਸੀਂ ਗੀਤਾ ਤਾਂ ਚੰਗੀ ਤਰ੍ਹਾਂ ਪੜ੍ਹ ਲਈ ਹੈ ਪਰ ਬਾਈਬਲ ਨੂੰ ਚੰਗੀ ਤਰ੍ਹਾਂ ਨਹੀ ਪੜ੍ਹਿਆ।ਤੁਸੀਂ ਚੰਗੇ ਈਸਾਈ ਨਹੀਂ ਬਣੇ,ਸੋ ਤੁਸੀਂ ਚੰਗੇ ਹਿੰਦੂ ਵੀ ਨਹੀਂ ਬਣ ਸਕੋਗੇ।ਪਹਿਲਾ ਚੰਗੇ ਈਸਾਈ ਬਣੋ।ਜਿਸ ਦਿਨ ਤੁਸੀਂ ਚੰਗੇ ਈਸਾਈ ਬਣ ਜਾਵੋਗੇ,ਉਸ ਦਿਨ ਚੰਗੇ ਇਨਸਾਨ ਬਣ ਜਾਵੋਗੇ,ਉਸ ਦਿਨ ਤੁਸੀਂ ਬਿਨਾਂ ਯਤਨ ਦੇ ਚੰਗੇ ਹਿੰਦੂ,ਚੰਗੇ ਯਹੂਦੀ,ਚੰਗੇ ਮੁਸਲਮਾਨ ਬਣ ਜਾਵੋਗੇ।

**-ਨਰਿੰਦਰ ਸਿੰਘ ਕਪੂਰ**

✪ ਇੱਕ ਵਾਰੀ ਇੱਕ ਗੁਫ਼ਾ ਵਿਚ ਰਹਿਣ ਵਾਲੇ ਭਿਖਸ਼ੂ ਦੀ ਆਪਣੇ ਸ਼ਗਿਰਦ ਨਾਲ ਨਾਰਾਜ਼ਗੀ ਹੋ ਗਈ ਅਤੇ ਭਿਖਸ਼ੂ ਨੇ ਚੇਲੇ ਨੂੰ ਉਥੋਂ ਚਲੇ ਜਾਣ ਲਈ ਕਿਹਾ।

ਸ਼ਗਿਰਦ ਚੁੱਪ ਕਰਕੇ ਚਲਾ ਗਿਆ ਪਰ ਗੁਫ਼ਾ ਦੇ ਬਾਹਰ ਬੈਠਾ ਰਿਹਾ।ਕਈ ਦਿਨ ਮਗਰੋਂ ਜਦੋਂ ਭਿਖਸ਼ੂ ਗੁਫ਼ਾ ਤੋਂ ਬਾਹਰ ਆਇਆ ਤਾਂ ਉਸਨੇ ਸ਼ਗਿਰਦ ਨੂੰ ਉਥੇ ਬੈਠੇ ਵੇਖਿਆ।

ਸ਼ਗਿਰਦ ਭਿਖਸ਼ੂ ਦੇ ਹੁਕਮ ਦੀ ਉਡੀਕ ਕਰ ਰਿਹਾ ਸੀ,ਉਸ ਨੇ ਭਿਖਸ਼ੂ ਨੂੰ ਕਿਹਾ: ਤੁਸੀਂ ਚਲੇ ਜਾਣ ਨੂੰ ਕਿਹਾ ਸੀ,ਮੈਂ ਪੁੱਛਣ ਲਈ ਬੈਠਾ ਹਾਂ,ਕਿਥੇ ਜਾਵਾਂ?

ਭਿਖਸ਼ੂ ਨੇ ਉਸ ਦੀ ਉਡੀਕ ਅਤੇ ਸ਼ਰਦਾ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ: ਕਿਧਰੇ ਨਹੀਂ ਜਾਣਾ,ਅੰਦਰ ਆ ਜਾ ਤੇਰੇ ਸਬਰ ਅਤੇ ਉਡੀਕ ਨੇ ਮੇਰੀ ਸੰਕੀਰਣਤਾ ਅਤੇ ਮੇਰੇ ਗੁੱਸੇ ਨੂੰ ਜਿੱਤ ਲਿਆ ਹੈ।ਅੱਜ ਤੋਂ ਤੂੰ ਮੇਰਾ ਉਸਤਾਦ ਹੋਵੇਂਗਾ ਅਤੇ ਮੈਂ ਤੇਰਾ ਸ਼ਗਿਰਦ।

**-ਨਰਿੰਦਰ ਸਿੰਘ ਕਪੂਰ**

# ਬਾਲ ਸੰਦੇਸ਼

## ਵਲੀ ਕੰਧਾਰੀ ਮਹਾਂ ਹੰਕਾਰੀ

ਗੁਰੂ ਨਾਨਕ ਦੇਵ ਜੀ ਲੋਕਾਂ ਨੂੰ ਨਾਮ ਦਾਨ ਦੇ ਗੱਫੇ ਬਖਸ਼ਦੇ ਹੋਏ ਹਸਨ ਅਬਦਾਲ (ਹੁਣ ਪੰਜਾ ਸਾਹਿਬ ਪਾਕਿਸਤਾਨ ਵਿਚ ਹੈ) ਪਹੁੰਚੇ । ਇਹ ਇੱਕ ਪਹਾੜੀ ਇਲਾਕਾ ਹੈ ।ਇਥੋਂ ਦੀ ਇੱਕ ਉੱਚੀ ਪਹਾੜੀ ਤੇ ਵਲੀ ਕੰਧਾਰੀ ਨਾਂ ਦਾ ਫ਼ਕੀਰ ਰਹਿੰਦਾ ਸੀ। ਉਹ ਬਹੁਤ ਹੰਕਾਰੀ ਸੀ।ਉਹ ਜਾਦੂ-ਟੂਣੇ ਕਰਨ ਕਰਾਉਣ ਕਰਕੇ ਲੋਕਾਂ ਨੂੰ ਭਰਮਾ ਲੈਂਦਾ ਸੀ। ਉਸਦੀ ਰਿਹਾਇਸ਼ ਨੇੜੇ ਹੀ ਇੱਕ ਚਸ਼ਮਾ ਸੀ ।ਜਿਸ ਤੋਂ ਆਸ-ਪਾਸ ਰਹਿਣ ਵਾਲੇ ਲੋਕਾਂ ਨੂੰ ਪਾਣੀ ਮਿਲਦਾ ਸੀ ।

ਗੁਰੂ ਜੀ ਇੱਕ ਪਹਾੜੀ ਦੀ ਓਟ ਵਿੱਚ ਬੈਠ ਗਏ ।ਗੁਰੂ ਜੀ ਦੇ ਕੁਲ ਲੋਕਾਈ ਦੇ ਭਲੇ ਲਈ ਗੁਰੂ ਜੀ ਦੇ ਬਚਨ ਸੁਨਣ ਲਈ ਅਤੇ ਦਰਸ਼ਨ ਕਰਨ ਲਈ ਭਾਰੀ ਗਿਣਤੀ ਵਿਚ ਲੋਕ ਆਉਣ ਲੱਗੇ ।

ਗੁਰੂ ਜੀ ਦਾ ਜੱਸ ਹੁੰਦਾ ਵੇਖ ਵਲੀ ਕੰਧਾਰੀ ਜ਼ਰ ਨਾ ਸਕਿਆ । ਉਸਨੇ ਚਸ਼ਮੇ ਦਾ ਪਾਣੀ ਰੋਕ ਦਿੱਤਾ । ਲੋਕ ਪਿਆਸੇ ਤਿਹਾਏ ਰਹਿਣ ਲੱਗੇ ।ਗੁਰੂ ਜੀ ਕੋਲ ਬੇਨਤੀ ਕੀਤੀ ।ਗੁਰੂ ਜੀ ਨੇ ਮਰਦਾਨੇ ਨੂੰ ਵਲੀ ਕੰਧਾਰੀ ਕੋਲ ਭੇਜਿਆ ।ਮਰਦਾਨੇ ਨੇ ਪਾਣੀ ਪੀਣ ਲਈ ਮੰਗਿਆ ।ਵਲੀ ਕੰਧਾਰੀ ਗੁੱਸੇ ਵਿਚ ਕੜ੍ਹਕ ਕੇ ਬੋਲਿਆ," ਜਿਸ ਫ਼ਕੀਰ ਦਾ ਤੂੰ ਚੇਲਾ ਹੈਂ ਉਹ ਤੈਨੂੰ ਪਾਣੀ ਨਹੀਂ ਪਿਲਾ ਸਕਦਾ।" ਗੁਰੂ ਜੀ ਨੇ ਇੱਕ ਵਾਰ ਫਿਰ ਮਰਦਾਨੇ ਨੂੰ ਵਲੀ ਕੰਧਾਰੀ ਕੋਲ ਭੇਜਿਆ। ਮਰਦਾਨਾ ਫਿਰ ਨਿਰਾਸ਼ ਹੋ ਮੁੜ ਆਇਆ ਤਾਂ ਗੁਰੂ ਜੀ ਨੇ ਮਰਦਾਨੇ ਨੂੰ ਪਹਾੜੀ 'ਚੋਂ ਇਕ ਪੱਥਰ ਪੁੱਟਣ ਲਈ ਕਿਹਾ। ਜਦੋਂ ਮਰਦਾਨੇ ਨੇ ਗੁਰੂ ਜੀ ਵੱਲੋਂ ਦੱਸਿਆ ਪੱਥਰ ਪੁੱਟਿਆ ਤਾਂ ਪਾਣੀ ਦਾ ਸੋਮਾ ਵਹਿ ਤੁਰਿਆ । ਸਾਰੇ ਧੰਨ ਗੁਰੂ ਨਾਨਕ, ਧਮਨ ਗੁਰੂ ਨਾਨਕ ਕਹਿ ਖੁਸ਼ੀਆਂ ਮਨਾ ਰਹੇ ਸਨ ।ਵਲੀ ਕੰਧਾਰੀ ਦਾ ਉਪਰੋਂ ਚਸ਼ਮਾ ਸੁੱਕ ਗਿਆ ।ਇਹ ਵੇਖ ਗੁੱਸੇ ਵਿੱਚ ਵਲੀ ਕੰਧਾਰੀ ਨੇ ਗੁਰੂ ਜੀ ਵੱਲ ਇੱਕ ਵੱਡਾ ਸਾਰਾ ਪੱਥਰ (ਛੋਟੀ ਪਹਾੜੀ ) ਗੁਰੂ ਵੱਲ ਰੇੜ ਦਿੱਤਾ ।ਤਾਂ ਕਿ ਗੁਰੂ ਜੀ ਅਤੇ ਬਾਲਾ ਮਰਦਾਨਾ ਥੱਲੇ ਆ ਜਾਣ। ਪਰ ਗੁਰੂ ਜੀ ਨੇ ਉਸ ਪਹਾੜੀ ਪੱਥਰ ਨੂੰ ਆਪਣੇ ਹੱਥ ਦੇ ਪੰਜੇ ਨਾਲ ਰੋਕ ਦਿੱਤਾ ।ਗੁਰੂ ਜੀ ਦਾ ਪੰਜਾ ਉਸ ਪੱਥਰ ਵਿਚ ਧੱਸ ਗਿਆ ।ਗੁਰੂ ਜੀ ਦੇ ਪੰਜੇ ਦਾ ਨਿਸ਼ਾਨ (550 ਸਾਲ ਹੋ ਚੁੱਕੇ ਹਨ) ਅਜੇ ਵੀ ਉਸ ਪੱਥਰ ਤੇ ਹੈ ।ਇਹ ਕੌਤਕ ਵੇਖਕੇ ਸਭ ਗੁਰੂ ਜੀ ਦੇ ਚਰਨੀਂ ਆ ਲੱਗੇ ।ਵਲੀ ਕੰਧਾਰੀ ਦਾ ਵੀ ਹੰਕਾਰ ਟੁੱਟ ਗਿਆ ।ਉਹ ਵੀ ਬੜੀ ਨਿਮਰਤਾ ਅਤੇ ਅਧੀਨਗੀ ਨਾਲ ਗੁਰੂ ਜੀ ਦੇ ਚਰਨੀਂ ਲੱਗਾ ਅਤੇ ਮੁਆਫ਼ੀ ਮੰਗੀ । ਗੁਰੂ ਜੀ ਨੇ ਉਸਨੂੰ ਸਮਝਾਇਆ ਕਿ ਸਾਨੂੰ ਅੱਲਾਹ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ ਅਤੇ ਰੱਬ ਦੇ ਬੰਦਿਆ ਨਾਲ ਪਿਆਰ ਕਰਨਾ ਚਾਹੀਦਾ ਹੈ ਸੋ ਵਲੀ ਕੰਧਾਰੀ ਵੀ ਗੁਰੂ ਜੀ ਦਾ ਸਿੱਖ ਬਣ ਗਿਆ ।ਉਸ ਅਸਥਾਨ ਤੇ ਹੁਣ ਗੁਰਦਵਾਰਾ ਪੰਜਾ ਸਾਹਿਬ ਹੈ ਜੋ ਹੁਣ ਪਾਕਿਸਤਾਨ ਵਿੱਚ ਹੈ।

**ਸਵਿੰਦਰ ਸਿੰਘ ਨਾਮਧਾਰੀ**

### ਸੇਵਾ

ਜਗ ਵਿੱਚ ਜੋ ਕਰਦਾ ਹੈ ਸੇਵਾ।
ਉਹ ਖਾਂਦਾ ਹੈ ਮਿੱਠਾ ਮੇਵਾ।
ਜੇ ਕੋਈ ਬੂਟਾ ਲਾ ਕੇ ਪਾਲੇ।
ਬੂਟਾ ਉਸਨੂੰ ਫਲ ਖਵਾਲੇ।
ਜੇ ਕੋਈ ਟਹਿਲ ਕਮਾਵੇ ਜੱਗ ਦੀ।
ਦੁਨੀਆਂ ਉਸਦੇ ਚਰਨੀਂ ਲੱਗਦੀ।
ਸੇਵਾ ਵਿੱਚ ਹੈ ਮਾਣ ਵਡਾਈ।
ਸੇਵਾ ਕਰਨੀ ਸਿੱਖੋ ਭਾਈ।
ਮਾਤ ਪਿਤਾ ਦੀ ਸੇਵਾ ਕਰਨਾ।
ਦੁਖ ਕਲੇਸ਼ੋਂ ਮੂਲ ਨਾ ਡਰਨਾ।
ਸੇਵਾ ਬਿਨਾਂ ਮਨੁੱਖ ਨਕਾਰਾ।
ਸੇਵਾ ਬਣਦੀ ਜਗਤ ਸਹਾਰਾ।

**ਵਿਧਾਤਾ ਸਿੰਘ 'ਤੀਰ'**

### ਦੇਸ਼ ਪਿਆਰ ਦਾ ਗੀਤ

ਭਾਰਤ ਮੇਰਾ ਪਿਆਰਾ ਦੇਸ਼।
ਧੁੰਮਾਂ ਜਿਸ ਦੀਆਂ ਦੇਸ਼ ਬਿਦੇਸ਼।
ਭੂਮੀ ਇਸਦੀ ਬੜੀ ਨਿਆਰੀ।
ਮੈਨੂੰ ਲਗਦੀ ਕਿੰਨੀ ਪਿਆਰੀ।
ਭਾਂਤ ਭਾਂਤ ਦੀ ਬੋਲੀ ਵਾਲੇ।
ਚਿੱਟੇ ਗੋਰੇ ਨਾਟੇ ਕਾਲੇ।
ਫੁੱਲਾਂ ਦਾ ਗੁਲਦਸਤਾ ਏ।
ਸੁਰਗਾਂ ਵਰਗਾ ਲੱਗਦਾ ਏ।
ਸਭ ਧਰਮਾਂ ਦਾ ਜਿਉਂ ਮੇਲ।
ਘਿਓ ਸ਼ੱਕਰ ਦਾ ਜਿਉਂ ਮੇਲ।
ਮਿਲ ਕੇ ਕਰੀਏ ਨਵੀਂ ਉਸਾਰੀ।
ਜਿਸ ਨੂੰ ਵੇਖੇ ਦੁਨੀਆਂ ਸਾਰੀ।
ਅਨਪੜ੍ਹ ਇੱਥੇ ਰਹੇ ਨਾ ਕੋਈ।
ਪੱਕੀ ਮੱਤ ਹੁਣ ਏਹੀ ਹੋਈ।

**-ਕ੍ਰਿਸ਼ਨ ਬੇਤਾਬ**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੌਰੇ

## ☞ਪੰਥਕ ਗਤੀਵਿਧੀਆਂ ☞ਖਬਰਨਾਮਾ

### ਨਸ਼ਾ ਮੁਕਤੀ ਸਮਾਗਮ ਸ੍ਰੀ ਜੀਵਨ ਨਗਰ (ਸਿਰਸਾ)੯ ਜੂਨ ੨੦੧੮

ਇਥੋਂ ਦੀ ਅਨਾਜ ਮੰਡੀ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ ਅਤੇ ਹਰਿਆਣਾ ਪੁਲਿਸ ਦੇ ਡੀ.ਜੀ.ਪੀ ਸ੍ਰ. ਬਲਜੀਤ ਸਿੰਘ ਸੰਧੂ ਆਈ.ਪੀ.ਐਸ. ਦੀ ਪ੍ਰਧਾਨਗੀ ਹੇਠ ਦੂਸਰਾ ਨਸ਼ਾ ਮੁਕਤੀ ਸੈਮੀਨਾਰ, ਭਰਪੂਰ ਗਰਮੀ ਤੋਂ ਬਾਅਦ ਹਨੇਰੀ ਅਤੇ ਮੀਂਹ ਦੇ ਆਗਮਨ ਦੇ ਨਾਲ-ਨਾਲ ਹੀ ਨਿਰਵਿਘਨ ਸਮਾਪਤ ਹੋਇਆ। ਜਿਸ ਵਿਚ ਇਲਾਕੇ ਭਰ ਵਿਚੋਂ ਕੋਈ ੨੫-੩0 ਪਿੰਡਾਂ ਦੇ ਪੰਚ ਸਰਪੰਚ ਅਤੇ ਪੰਜ ਹਜ਼ਾਰ ਦੇ ਕਰੀਬ ਮਾਈ-ਭਾਈ ਸ਼ਾਮਿਲ ਹੋਏ। ਕਾਂਗ੍ਰਸ, ਇਨੈਲੋ, ਭਾਜਪਾ ਅਦਿ ਸਿਆਸੀ ਪਾਰਟੀਆਂ ਅਤੇ ਆਰ. ਐੱਸ. ਐੱਸ.ਇੰਡੀਅਨ ਮੈਡੀਕਲ ਐਸੋਸੀਏਸ਼ਨ, ਪਟਵਾਰ ਯੂਨੀਅਨ ਲੋਕ ਪੰਚਾਇਤ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਸਮਾਜਿਕ ਸੰਗਠਨਾਂ ਦੇ ਨੁਮਾਇੰਦੇ, ਪੁਲਿਸ ਅਤੇ ਪਰਸ਼ਾਸ਼ਨਿਕ ਅਧਿਕਾਰੀ ਅਤੇ ਸ.ਗੁਰਪ੍ਰੀਤ ਸਿੰਘ ਤੂਰ ਏ. ਆਈ. ਜੀ. ਪੰਜਾਬ ਪੁਲਿਸ ਲੁਧਿਆਣਾ ਅਤੇ ਨਸ਼ਾ ਮੁਕਤੀ ਵਾਸਤੇ ਆਪਣੀ ਕਲਮ ਦੁਆਰਾ ਆਪਣਾ ਯੋਗਦਾਨ ਪਾਉਣ ਵਾਲੇ ਬੁੱਧੀਜੀਵੀ ਸੱਜਣ ਵੀ ਸ਼ਾਮਲ ਹੋਏ ਜਿੰਨਾਂ ਦੀਆਂ ਨਸ਼ਾ ਮੁਕਤੀ ਲਈ ਲਿਖੀਆਂ ਤਿੰਨ ਕਿਤਾਬਾਂ "ਸੰਭਾਲੋ ਪੰਜਾਬ, ਜੀਏ ਜਵਾਨੀ, ਅੱਲੜ ਉਮਰਾਂ ਤਲਖ ਸੁਨੇਹੇ" ਦੀ ਪਰਦਰਸ਼ਨੀ ਵੀ ਪਾਠਕਾਂ ਦੀ ਖਿੱਚ ਦਾ ਕੇਂਦਰ ਰਹੀ। ਜਥੇਦਾਰ ਜਸਵਿੰਦਰ ਸਿੰਘ ਦੁਆਰਾ ਸਜਾਏ ਹੱਲੇ ਦੇ ਦੀਵਾਨ ਬਾਅਦ ਮੰਚ ਕਾਮਰੇਡ ਸੁਵਰਨ ਸਿੰਘ ਵਿਰਕ ਨੇ ਸੰਭਾਲਿਆ। ਵਿਰਕ ਜੀ ਨੇ ਅਰੰਭ ਵਿਚ ਨਸ਼ਾ ਮੁਕਤੀ ਸੈਮੀਨਾਰ ਦੇ ਆਯੋਜਨ ਦੇ ਸਬੰਧ ਵਿਚ, ਇਸ ਪ੍ਰਥਾਇ ਸ੍ਰੀ ਸਤਿਗੁਰੂ ਜੀ ਦੀ ਫਿਕਰਮੰਦੀ ਸੰਗਤ ਨਾਲ ਸਾਂਝੀ ਕੀਤੀ ਕਿ ਕਿਵੇਂ ਉਨ੍ਹਾਂ ਨੇ ਦੋ ਸਾਲ ਪਹਿਲਾਂ ਇਸੇ ਸਥਾਨ ਤੇ ਇਹੋ ਜਿਹੇ ਸੈਮੀਨਾਰ ਕਰਕੇ ਨਸ਼ੇ ਦੇ ਦੁਸ਼ ਪ੍ਰਭਾਵਾਂ ਪ੍ਰਤੀ ਸੁਚੇਤ ਕੀਤਾ ਸੀ।

ਵਿਰਕ ਜੀ ਨੇ ਆਪਣੇ ਨਾਮਧਾਰੀ ਅਤੇ ਸਿੱਖ ਇਤਿਹਾਸ ਵਿਚੋਂ ਇਸ ਸਬੰਧੀ ਢੁੱਕਵੇਂ ਹਵਾਲੇ ਦਿੱਤੇ। ਦਸਵੇਂ ਪਾਤਸ਼ਾਹ ਦਾ ਫੁਰਮਾਨ ਹੈ ਕਿ ਗੁਰੂ ਕਾ ਸਿੱਖ ਅਮਲ ਸਿਰਫ ਪਰਸ਼ਾਦੇ ਦਾ ਰੱਖੇ। ਸਾਡੀ ਗੁਰਬਾਣੀ ਵਿਚ ਨਸ਼ਿਆਂ ਦਾ ਖੰਡਨ ਮਿਲਦਾ ਹੈ। ਇਕ ਵਿਦੇਸ਼ੀ ਲਿਖਾਰੀ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਦਿਨ ਛਿਪੇ ਲਾਹੌਰ ਦੇ ਬਜ਼ਾਰਾਂ ਵਿਚ ਕੋਈ ਸੋਫੀ ਸਿੱਖ ਨਜ਼ਰ ਨਹੀਂ ਆਉਂਦਾ ਸੀ। ਇਸੇ ਕਾਰਣ ਸਿੱਖ ਰਾਜ ਦਾ ਖਾਤਮਾ ਹੋਇਆ। ਅੰਗਰੇਜ਼ੀ ਗੁਲਾਮੀ ਵਿਰੁੱਧ ਲੜਨ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਕੀਤੀ ਤਾਂ ਰਹਿਤਨਾਮੇ ਵਿਚ ਲਿਖਿਆ- ਦਾਰੂ ਮਾਸ ਨਹੀਂ ਵਰਤਣਾ।

ਸਭਰਾਵਾਂ ਦੀ ਜੰਗ ਵਿਚ ਲੜਨ ਵਾਲਾ। ਉਹਨਾਂ ਦੇ ਨਾਲ ਦਾ ਲਾਹੌਰ ਦਰਬਾਰਾਂ ਦਾ ਸੈਨਿਕ ਕਿਲਾ ਰਾਇਪੁਰ ਲੁਧਿਆਣਾ ਦਾ ਭਾਈ ਦਰਬਾਰਾਂ ਸਿੰਘ ਗਰੇਵਾਲ ਘੋਰ ਅਮਲੀ ਸੀ। ਜਦੋਂ ਖੇਤ ਵਿਚ ਜਾਂਦਾ ਰੁੱਖਾਂ ਨੂੰ ਅਫੀਮ ਚਮੇੜ ਆਉਂਦਾ ਕਿ ਆ ਕੇ ਇਧਰ ਫਿਰ ਖਾਵਾਂਗਾ। ਜਦੋਂ ਉਹ ਕੂਕਾ ਬਣਿਆ ਤਾਂ ਸਤਿਗੁਰੂ ਜੀ ਨੇ ਉਸਨੂੰ ਅਫੀਮ ਦੀ ਡੱਬੀ ਸੁੱਟ ਦੇਣ ਦਾ ਹੁਕਮ ਕੀਤਾ। ਐਸੀ ਸੁੱਟੀ ਮੁੜ ਨਹੀਂ ਚੁੱਕੀ। ਪੱਕਾ ਕੂਕਾ ਬਣ ਗਿਆ। ਰੰਗੂਨ ਵਿਚ ਜਾ ਕੇ ਸਭ ਤੋਂ ਪਹਿਲਾਂ ਸਤਿਗੁਰੂ ਜੀ ਦਰਸ਼ਨ ਉਸਨੇ ਕੀਤੇ ਸਨ, ਜਨਵਰੀ ੧੯੭੫ ਈ. ਵਿਚ। ਗੁਰੂ ਹਰੀ ਸਿੰਘ ਜੀ ਵੱਲੋਂ ਡੇਰਾ ਪ੍ਰਬੰਧਕ ਰਹੇ। ਇਸੇ ਪਿੰਡ ਦਾ ਭਾਈ ਧੌਂਕਲ ਸਿੰਘ ਵੀ ਘੋਰ ਅਮਲੀ ਸੀ। ਸੁੱਖਾ, ਅਫ਼ੀਮ, ਪੋਸਤ, ਸ਼ਰਾਬ ਜੋ ਆਵੇ ਝੋਲੇ ਪਾ ਦਿੰਦਾ। ਜਦੋਂ ਕੂਕਾ ਬਣਿਆ ਤਾਂ ਲੋਕ ਸੰਗਰਾਮ ਵਿਚ ਐਸੇ ਕਾਰਨਾਮੇ ਕੀਤੇ ਕਿ ਅੰਗਰੇਜ਼ ਸਰਕਾਰ ਨੂੰ ਪਿੰਜਰੇ ਵਿਚ ਪਾ ਕੇ ਕਾਲੇ ਪਾਣੀ ਪਚਾਉਂਣਾ ਪਿਆ ਇਤਿਹਾਸ ਦਾ ਮਹਾਨ ਪਾਤਰ ਹੋ ਗਿਆ। ਇਸੇ ਤਰਾਂ ਸ਼ਹੀਦ ਕਰਤਾਰ ਸਿੰਘ ਜੀ ਸਰਾਭਾ ਵਾਲੀ ਗਦਰ ਲਹਿਰ ਵਜੋਂ ਈਸ਼ਰ ਸਿੰਘ ਸਭਰਾਵਾਂ ਨੂੰ ਉਮਰ ਕੈਦ ਹੋਈ ਉਹ ਕੋਈ ੭0 ਕੁ ਸਾਲ ਦੇ ਸਨ। ਚਾਲੀ ਸਾਲ ਤੋਂ ਅਫ਼ੀਮ ਖਾ ਰਹੇ ਸਨ। ਲਾਹੌਰ ਤੋਂ ਗੱਡੀ ਚੱਲੀ ਤਾਂ ਅਫ਼ੀਮ ਦੀ ਡੱਬੀ ਇਥੋਂ ਹੀ ਬਾਰੀ ਵਿੱਚੋਂ ਬਾਹਰ ਵਗਾਹ ਮਾਰੀ। ਫਿਰ ਨਹੀ ਕਦੇ ਜੀਭ ਤੇ ਧਰੀ। ਵਿਰਕ ਨੇ ਕਿਹਾ ਕਿ ਨਸ਼ਾ ਕਾਰੋਬਾਰੀਆਂ ਅਤੇ ਉਹਨਾਂ ਦੀ ਪੁਸ਼ਤ ਪਨਾਹੀ ਕਰਨ ਵਾਲੇ ਸਿਆਸਦਾਨਾਂ ਦਾ ਸਮਾਜਿਕ ਬਾਈਕਾਟ ਕਰਕੇ ਹੀ ਨਸ਼ਾ ਮੁਕਤੀ ਨੂੰ ਲੋਕ ਲਹਿਰ ਬਣਾਇਆ ਜਾ ਸਕਦਾ ਹੈ।ਸ. ਮਲਕੀਤ ਸਿੰਘ ਖੋਸਾ ਨੇ ਕਿਹਾ ਕਿ ਬੇਸ਼ਕ ਨਾਮਧਾਰੀ ਸਮਾਜ ਮੁੱਖ ਰੂਪ ਵਿਚ ਨਸ਼ਿਆਂ ਤੋਂ ਬਚਿਆ ਹੋਇਆ ਹੈ ਪਰ ਸ੍ਰੀ ਸਤਿਗੁਰੂ ਜੀ ਵਲੋਂ ਨਸ਼ਾ ਮੁਕਤੀ ਸੈਮੀਨਾਰ ਕਰਨਾ ਅਤੇ ਨਾਮ-ਬਾਣੀ ਵਾਲੀ ਸੰਗਤ ਨੂੰ ਪ੍ਰੇਰਣਾ ਦਾ ਉਦੇਸ਼ ਹੈ ਕਿ ਜੋ ਵਿਅਕਤੀ ਆਪ ਕਿਸੇ ਕਿਸਮ ਦਾ ਨਸ਼ਾ ਨਹੀਂ ਵਰਤਦੇ ਉਹ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਯੋਗਦਾਨ ਪਾਉਣ।ਸ੍ਰ. ਚਰਨਜੀਤ ਸਿੰਘ ਰੋੜੀ ਸਿਰਸਾ ਲੋਕ ਸਭਾ ਮੈਂਬਰ ਨੇ ਕਿਹਾ ਕਿ

ਜਿਸ ਹਰਿਆਣੇ ਬਾਰੇ ਕਿਹਾ ਜਾਂਦਾ ਹੈ-'ਹਰਿਆਣਾ ਦੂਧ ਦਹੀਂ ਦਾ ਖਾਣਾ'। ਪਰ ਅੱਜ ਦੁੱਖ ਦੀ ਗਲ ਹੈ ਕਿ ਉਸੇ ਹਰਿਆਣੇ ਵਿਚ ਨਸ਼ਾ ਮੁਕਤੀ ਸੈਮੀਨਾਰ ਕਰਨਾ ਪੈ ਰਿਹਾ ਹੈ। ਜੇ ਪੁਲਿਸ, ਪ੍ਰਸ਼ਾਸਨ ਅਤੇ ਲੋਕ ਸਹਿਯੋਗ ਦੇਣ ਤਾਂ ਨਸ਼ਿਆਂ ਦਾ ਕਾਰੋਬਾਰ ਬੰਦ ਕੀਤਾ ਜਾ ਸਕਦਾ ਹੈ।

ਸ੍ਰੀ ਮਤੀ ਅਮੀਤਾ ਦੁੱਗਲ- ਚੇਅਰ ਪਰਸਨ ਬੀ.ਜੇ.ਪੀ.-ਨੇ ਬੜੀ ਠੇਠ ਪੰਜਾਬੀ 'ਚ ਬੋਲਦਿਆਂ ਕਿਹਾ ਕਿ ਨਸ਼ਿਆਂ ਖਿਲਾਫ਼ ਵੱਡੀਆਂ ਗੱਲਾਂ ਕਰਨ ਵਾਲਿਆਂ ਦਾ ਜੇ ਆਪਣਾ ਜੀਵਨ ਚੰਗਾ ਹੋਵੇਗਾ ਤਾਂ ਹੀ ਲੋਕਾਂ ਨੂੰ ਉਨ੍ਹਾਂ ਦਾ ਚੰਗਾ ਪ੍ਰਭਾਵ ਪੈ ਸਕਦਾ ਹੈ।

ਸ੍ਰ. ਗੁਰਪ੍ਰੀਤ ਸਿੰਘ ਤੂਰ ਏ.ਆਈ.ਜੀ. ਪੁਲਿਸ ਲੁਧਿਆਣਾ ਜੋ ਅੱਜ ਦੇ ਸਮਾਗਮ ਦੇ ਮੁੱਖ ਬੁਲਾਰੇ ਸਨ, ਨੇ ਬੜੀ ਪ੍ਰਭਾਵਸ਼ਾਲੀ ਤਕਰੀਰ ਕਰਦਿਆਂ ਕਿਹਾ ਕਿ ਨੌਜੁਆਨ ਪੀੜੀ ਨੂੰ ਸਾਹਿਤ ਨਾਲ, ਇਤਿਹਾਸ ਨਾਲ ਅਤੇ ਕਿਰਤ ਨਾਲ ਜੋੜ ਕੇ ਹੀ ਨਸ਼ਿਆਂ ਤੋਂ ਅਤੇ ਮਾੜੀਆਂ ਆਦਤਾਂ ਤੋਂ ਬਚਾਇਆ ਜਾ ਸਕਦਾ ਹੈ। ਨਸ਼ਿਆਂ ਦੇ ਦੁਸ਼ਪ੍ਰਭਾਵਾਂ ਦਾ ਸੰਤਾਪ ਤਾਂ ਸਭ ਤੋਂ ਵੱਧ ਮਾਵਾਂ, ਧੀਆਂ, ਭੈਣਾਂ ਹੀ ਭੋਗਦੀਆਂ ਹਨ। ਇਸ ਲਈ ਨਸ਼ੇੜੀਆਂ ਦੇ ਪ੍ਰਵਾਰ ਦੀਆਂ ਔਰਤਾਂ ਦੇ ਸਾਂਝੇ ਯਤਨਾਂ ਨਾਲ ਨਸ਼ਿਆਂ ਖਿਲਾਫ ਮੁਹਿੰਮ ਸ਼ੁਰੂ ਕੀਤੀ ਜਾ ਸਕਦੀ ਹੈ।

ਸ੍ਰ. ਬਲਜੀਤ ਸਿੰਘ ਸੰਧੂ ਡੀ.ਜੀ.ਪੀ. ਹਰਿਆਣਾ- ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਨੇ ਕਿਹਾ ਕਿ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਦਾ ਰਿਹਾ ਹਾਂ, ਬੜੇ ਵੱਡੇ ਮਹਾਂ ਪੁਰਸ਼ ਸਨ, ਹਜ਼ੂਰ ਸਤਿਗੁਰੂ ਜੀ ਦੇ ਮੈਂ ਬੰਗਲੌਰ ਦਰਸ਼ਨ ਕੀਤੇ ਸਨ, ਬਹੁਤ ਵਧੀਆ ਨਾਮਧਾਰੀ ਫਾਰਮ ਡਵੈਲਪ ਕੀਤਾ ਹੈ। ਪੰਜਾਬ ਜੋ ਕਦੇ ਖੇਡਾਂ ਵਿੱਚ ਨੰਬਰ ਇੱਕ ਸੀ, ਅੱਜ ਨਸ਼ਿਆਂ ਦਾ ਮੋਹਰੀ ਸੂਬਾ ਬਣ ਗਿਆ ਹੈ। ਬੱਚਿਆਂ ਵਿਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਕੇ ਨਸ਼ਿਆਂ ਤੋਂ ਬਚਾਇਆ ਜਾ ਸਕਦਾ ਹੈ। ਨਾਮਧਾਰੀ ਸਮਾਜ ਨੇ ਅੰਤਰਰਾਸ਼ਟਰੀ ਪੱਧਰ ਤੇ ਖਿਡਾਰੀ ਪੈਦਾ ਕਰਕੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ। - ਕਾਮਨਵੈਲਥ ਗੇਮਾਂ ਵਿਚ ਭਾਰਤ ਨੂੰ ੬੬ ਮੈਡਲ ਪ੍ਰਾਪਤ ਹੋਏ, ਜਿਨ੍ਹਾਂ ਚੋਂ ੨੨ ਮੈਡਲ ਇਕੱਲੇ ਹਰਿਆਣੇ ਨੇ ਜਿੱਤੇ। - ਮੇਰੇ ਬੇਟੇ ਨੇ ਦੱਸਿਆ ਕਿ ਇੱਕ ਵਿਆਹ ਵਿੱਚ ੧੫ ਸਾਲ ਤੋਂ ੫੦ ਸਾਲ ਦੇ ਸਭ ਨਸ਼ੇ ਵਿਚ ਟੁੰਨ ਸਨ। ਅੱਜ ਨਸ਼ਿਆਂ ਕਰਕੇ ਹੀ ਏਨੀਆਂ ਵੜੀਆਂ ਵਾਰਦਾਤਾਂ ਹੋ ਰਹੀਆਂ ਹਨ, ਛੋਟੀਆਂ ਬੱਚੀਆਂ ਨਾਲ ਬਲਾਤਕਾਰ ਤੇ ਹੱਤਿਆਵਾਂ ਹੋ ਰਹੀਆਂ ਹਨ। ਹਰਿਆਣਾ ਸਰਕਾਰ ਅਤੇ ਪੁਲਿਸ ਪੂਰੀ ਨੇਕੀ ਨਾਲ ਹਰਿਆਣੇ ਨੂੰ ਨਸ਼ਾ ਮੁਕਤ ਕਰਨ ਲਈ ਵਚਨਬੱਧ ਹੈ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਜਦੋਂ ਤੋਂ ਪੰਥ ਦੀ ਵਾਗ ਡੋਰ ਸੰਭਾਲੀ ਹੈ ਉਦੋਂ ਤੋਂ ਹੀ ਉਚੇਚੇ ਤੋਰ ਤੇ ਇਲਾਕਾ ਜੀਵਨ ਨਗਰ ਨੂੰ ਨਸ਼ਾ ਮੁਕਤ ਕਰਨ ਲਈ ਉਚੇਚੇ ਯਤਨ ਕਰ ਰਹੇ ਹਨ। ਇਸੇ ਸੰਦਰਭ ਵਿਚ ਅੱਜ ਦੂਸਰਾ ਨਸ਼ਾ ਮੁਕਤੀ ਸੈਮੀਨਾਰ ਸਮੇਂ ਆਪ ਜੀ ਨੇ ਇਲਾਕੇ ਦੀਆਂ ਸੰਗਤਾਂ ਅਤੇ ਵਿਸ਼ੇਸ਼ ਕਰਕੇ ਨੌਜੁਆਨ ਪੀੜ੍ਹੀ ਨੂੰ ਨਸ਼ਾ ਵਿਰੋਧੀ ਮੁਹਿੰਮ ਸ਼ੁਰੂ ਕਰਨ ਦਾ ਸੱਦਾ ਦਿੱਤਾ। ਆਪ ਜੀ ਨੇ ਕਿਹਾ ਕਿ ਇਸ ਕੰਮ ਵਿਚ ਸਾਡੇ ਵਲੋਂ ਹਰ ਤਰ੍ਹਾਂ ਨਾਲ ਸਜਿਯੋਗ ਦਿੱਤਾ ਜਾਵੇਗਾ

ਸ੍ਰੀ ਸਤਿਗੁਰੂ ਜੀ ਨੇ ਡੀ. ਜੀ. ਪੀ. ਸਾਹਿਬ, ਤੂਰ ਸਾਹਿਬ ਅਤੇ ਹੋਰ ਪਤਵੰਤਿਆਂ ਨੂੰ ਸਿਰੋਪਾਓ ਬਖ਼ਸ਼ੇ। ਅੰਤ ਵਿਚ ਸ. ਮਲਕੀਤ ਸਿੰਘ ਰੰਧਾਵਾ ਮੈਂਬਰ ਜਿਲਾ ਪ੍ਰੀਸ਼ਦ ਸਿਰਸਾ ਨੇ ਸ੍ਰੀ ਸਤਿਗੁਰੂ ਜੀ ਦਾ, ਡੀ. ਜੀ. ਪੀ. ਸਾਹਿਬ, ਤੂਰ ਸਾਹਿਬ ਅਤੇ ਪਤਵੰਤੇ ਸੱਜਣਾਂ ਦਾ ਇਲਾਕੇ ਦੀਆਂ ਸੰਗਤਾਂ ਅਤੇ ਪ੍ਰਬੰਧਕਾਂ ਵੱਲੋਂ ਧੰਨਵਾਦ ਕੀਤਾ। ਜਥੇਦਾਰ ਪੂਰਨ ਸਿੰਘ ਵਰਨ ਨੇ ਦੱਸਿਆ ਕਿ ਇਸ ਇਲਾਕੇ ਵਿਚ ਸਤਿਗੁਰੂ ਜੀ ਦੀ ਕਿਰਪਾ ਨਾਲ ਕਈ ਸ਼ਰਾਬ ਦੇ ਠੇਕੇ ਅਤੇ ਮੀਟ ਦੀਆਂ ਦੁਕਾਨਾਂ ਬੰਦ ਕਰਵਾਈਆਂ ਹਨ।

**ਸੁਵਰਨ ਸਿੰਘ ਵਿਰਕ ਕਰੀਵਾਲਾ**

## Mini *Vidyak Samelan* - Hyderabad (2018)

With the Blessings of Sri Satguru Jagjit Singh Ji, in the Holy Presence of Sri Satguru Uday Singh Ji, a mini *Vidyak Sammelan* was held on 16th & 17th June 2018, at Agrasen Bhavan, Hyderabad. The occasion was attended by youth from various places in South India, and also from Mumbai, Bangalore and Mastangarh (Haryana). On 16th June, *Asa di vaar* was recited by youth from Mumbai along with Sant Sukhvinder Singh Lyall Ji (Ludhiana). At the beginning of *Sammelan*, Kirtan was performed by the young women of Mastangarh. Kids from Bangalore and Hyderabad recited *Dddandouth Bandhana* (humble adoration to Guru). This was followed by sessions of *Shudh Gurbani* recitation and training of Namdhari code of conduct. His Holiness Sri Satguru Uday Singh Ji gave his Divine Holy presence along with Mata Gursharan Kaur Ji at 3:00 PM on 16th June. Sri Satguru Ji asked the gathering about lessons learnt from the *Pravachan* (Holy Discourse) of Sri Satguru Jagjit Singh Ji. The registration of the participants was done by Gurdev Kaur Malhotra, Komal Malhotra, Somya Bagga and Namdhari Community Hyderabad with the help of Dr Pushpinder Singh Kuka Ji. An Open Quiz was held, in which Satguru Ji himself asked some questions. Thereafter, in an interactive session, various doubts, opinions and questions were discussed. Other competitions included Recitation of Japji Sahib and Ardaas, Sketching and Races for kids of age groups 6-12 years and above-13 years. On 17th June, recital of *Asa di var* was initiated by young women of Hyderabad and Mastangarh, and continued by Raagi Balvir Singh Ji (Bangalore), Raagi Rattan Singh Ji and Raagi Isher Singh Ji (Sri Bhaini Sahib). Members of Vishva Namdhari Vidyak Jatha, Sukhvinder Singh Lyall,

Dr Pushpinder Singh Kuka, Gurmeet Singh Chana, Harpal Singh Sodhi, Mangaljit Singh and Gurdev Singh Cheema arrived in advance for preparation of the events. Suba Sukhwinder Kaur Ji and Sant Surat Singh Malhotra Ji supervised the entire programme. Sri Satguru Ji encouraged the youth to learn and teach Punjabi, rise early in morning, do meditation and adopt the Sikhi way of life. Prizes were distributed to kids. *Sangat* is extremely thankful to Sri Satguru Ji for blessing the occasion and providing motivation.

**Gurdev Kaur Malhotra,Hyderabad**.

## ਸ੍ਰੀ ਭੈਣੀ ਸਾਹਿਬ ਵਿਖੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਿੱਖਿਆ ਵਰਗ ਦਾ ਸਾਲਾਨਾ ਕੈਂਪ

**ਸ੍ਰੀ ਭੈਣੀ ਸਾਹਿਬ , ੨੦ ਤੋਂ ੩੦ ਮਈ ੨੦੧੮**- ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਿਵਸਥਾ ਅਤੇ ਸੰਗਠਨ ਵਿਕਾਸ ਨੇ ਇੰਦਰ ਪ੍ਰਸਤ ਖੇਤਰ ਦੇ ਸਿੱਖਿਆ ਵਰਗ ਦਾ ਸਾਲਾਨਾ ਸੰਮੇਲਨ (ਟ੍ਰੇਨਿੰਗ ਕੈਂਪ) ੨੦ ਤੋਂ ੩੦ ਮਈ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਆਗਿਆ ਨਾਲ ਆਯੋਜਿਤ ਕਰਨਾ ਤੈਅ ਕੀਤਾ। ਸ੍ਰੀ ਸਤਿਗੁਰੂ ਜੀ ਨੇ ਇਸ ਸੰਮੇਲਨ ਦਾ ਪ੍ਰਬੰਧ ਅਤੇ ਖਰਚ-ਖੇਚਲ ਨਾਮਧਾਰੀ ਸੰਗਤ ਵਲੋਂ ਕਰਨ ਦਾ ਹੁਕਮ ਕੀਤਾ। ਵਿਸ਼ਵ ਨਾਮਧਾਰੀ ਵਿਦਿਆਕ ਜਥੇ ਨੂੰ ਲੰਗਰ ਅਤੇ ਪ੍ਰਬੰਧ ਦੀ ਜ਼ਿੰਮੇਵਾਰੀ ਸੌਂਪੀ ਗਈ। ਸੁਖਵਿੰਦਰ ਸਿੰਘ ਲਾਇਲ ਦੀ ਅਗਵਾਈ ਵਿੱਚ ਵੱਖੋ-ਵੱਖ ਜਥਿਆਂ ਦੇ ਨੌਜੁਆਨਾਂ ਨੇ ਇੱਕ-ਇੱਕ ਦਿਨ ਦੀ ਸੇਵਾ ਸੰਭਾਲੀ।

ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਨਵੀਂ ਪੀੜ੍ਹੀ ਦੇ ਨੌਜੁਆਨ ਲੜਕੇ ਲੜਕੀਆਂ ਨੂੰ ਧਰਮ ਪ੍ਰਚਾਰ ਲਈ ਤਿਆਰ ਕਰਨ ਲਈ ਹਰ ਵਰ੍ਹੇ ਵੱਖੋ-ਵੱਖ ਇਲਾਕਿਆਂ ਵਿੱਚ ਟ੍ਰੇਨਿੰਗ ਕੈਂਪ ਲਗਾਏ ਜਾਂਦੇ ਹਨ। ਇੰਦਰ ਪ੍ਰਸਤ ਖੇਤਰ, ਪਾਂਡਵ ਰਾਜ ਦੇ ਇਲਾਕੇ, ਜੰਮੂ ਕਸ਼ਮੀਰ, ਹਿਮਾਚਲ, ਪੰਜਾਬ, ਹਰਿਆਣਾ ਅਤੇ ਦਿੱਲੀ ਦੇ ੧੫੦ ਨੌਜੁਆਨ ਲੜਕੇ ਲੜਕੀਆਂ ਇਸ ਕੈਂਪ ਵਿੱਚ ਭਾਗ ਲੈਣ ਲਈ ੧੯ ਮਈ ਨੂੰ ਸ੍ਰੀ ਭੈਣੀ ਸਾਹਿਬ ਪੁੱਜ ਗਏ ਸਨ। ਇਸ ਤੋਂ ਬਿਨਾਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਮੁੱਖ ਅਹੁਦੇਦਾਰ, ਸੰਗਠਨ ਮੰਤ੍ਰੀ, ਵਿਵਸਥਾ ਮੰਤ੍ਰੀ, ਬੌਧਿਕ ਅਧਿਕਾਰੀ ਆਦਿ ਵੀ ਪੂਰਾ ਸਮਾਂ ਸ੍ਰੀ ਭੈਣੀ ਸਾਹਿਬ ਹੀ ਰਹੇ, ਜਿਨ੍ਹਾਂ ਵਿੱਚ ਵਿਸ਼ੇਸ਼ ਹਸਤੀਆਂ ਸਨ- ਇੰਦਰ ਪ੍ਰਸਤ ਖੇਤਰ ਦੇ ਸੰਗਠਨ ਮੰਤਰੀ ਸ੍ਰੀ ਕਰੁਣਾ ਪ੍ਰਕਾਸ਼ ਜੀ, ਵਰਗ ਅਧਿਕਾਰੀ ਸ੍ਰੀ ਲੇਖਰਾਜ ਰਾਣਾ ਜੀ ਹਿਮਾਚਲ ਤੋਂ, ਵਰਗ ਦੇ ਬੌਧਿਕ ਅਧਿਕਾਰੀ ਸ੍ਰੀ ਵਿਵੇਕਾਨੰਦ ਜੀ ਹਰਿਆਣਾ ਤੋਂ, ਵਰਗ ਵਿਵਸਥਾ ਪ੍ਰਮੁੱਖ ਸ੍ਰੀ ਦਇਆ ਸ਼ੰਕਰ ਜੀ (ਪ੍ਰਾਂਤ ਸਤਿਸੰਗ ਪ੍ਰਮੁੱਖ) ਲੁਧਿਆਣਾ ਤੋਂ, ਪੰਜਾਬ ਦੇ ਸਹਿ ਮੰਤਰੀ ਸ੍ਰੀ ਪ੍ਰਦੀਪ ਜੀ, ਸਹਿ ਵਿਵਸਥਾ ਪ੍ਰਮੁੱਖ ਗੁਰਮੁਖ ਸਿੰਘ ਨਾਮਧਾਰੀ, ਸ੍ਰੀ ਹਰਿੰਦਰ ਅਗਰਵਾਲ ਪ੍ਰਾਂਤ ਮੰਤਰੀ ਪੰਜਾਬ, ਸ੍ਰੀ ਵਿਨੋਦ ਜੀ ਹਿਮਾਚਲ ਦੇ ਸੰਗਠਨ ਮੰਤਰੀ, ਸ੍ਰੀ ਨੀਰਜ ਜੀ, ਸ੍ਰੀ ਆਹਲੂਵਾਲੀਆ ਜੀ ਸੰਗਠਨ ਮੰਤਰੀ, ਸ੍ਰੀ ਕੁਲਦੀਪ ਜੀ, ਸ੍ਰੀ ਪ੍ਰੇਮ ਸ਼ੰਕਰ ਜੀ ਜੰਮੂ ਦੇ ਸੰਗਠਨ ਮੰਤਰੀ,ਪੂਰਨ ਕਾਲਿਕ ਸੇਵਾਦਾਰ ਸਰਵ ਸ੍ਰੀ ਆਚਾਰੀਯ ਵਿਕਰਮ ਜੀ, ਦਿਵਾਕਰ ਜੀ, ਪਾਰਸ ਜੀ, ਵਿਨੀਤ ਜੀ ਅਤੇ ਸ੍ਰੀਮਤੀ ਸ਼ੀਤਲ ਕਮਾਤ ਜੀ।

ਇਨ੍ਹਾਂ ਤੋਂ ਬਿਨਾਂ ੧੦ ਦਿਨ ਕੈਂਪ ਦੌਰਾਨ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜੋ ਵਿਸ਼ੇਸ਼ ਅਧਿਕਾਰੀ ਸ੍ਰੀ ਭੈਣੀ ਸਾਹਿਬ ਆਏ- ਸ੍ਰੀ ਸੁਰਿੰਦਰ ਜੈਨ ਜੀ ਕੇਂਦਰੀ ਸੰਯੁਕਤ ਮੰਤਰੀ, ਅੰਤਰ ਰਾਸ਼ਟਰੀ ਸੰਗਰਕਸ਼ਕ ਸ੍ਰੀ ਦਿਨੇਸ਼ ਚੰਦਰ ਜੀ, ਪੰਜਾਬ ਦੇ ਪ੍ਰਾਂਤ ਪ੍ਰਚਾਰਕ ਸ੍ਰੀ ਪ੍ਰਮੋਦ ਕੁਮਾਰ ਜੀ,ਡਾ. ਬਜਰੰਗ ਲਾਲ ਜੀ ਕੇਂਦਰੀ ਮੰਤਰੀ, ਸ੍ਰੀ ਬਾਲ ਕ੍ਰਿਸ਼ਨ ਨਾਇਕ ਜੀ ਸਮੰਨਵਯ ਮੰਚ ਪ੍ਰਮੁੱਖ (ਵਿ.ਹਿੰ.ਪ੍ਰੀ.), ਅੰਤਰ ਰਾਸ਼ਟਰੀ ਕਾਰਜਕਾਰੀ ਅਧਿਅਕਸ਼ ਸ੍ਰੀ ਅਲੋਕ ਗੁਪਤਾ ਜੀ,ਉਤਰ ਖੇਤਰ ਦੇ ਪ੍ਰਚਾਰਕ ਸ੍ਰੀ ਬਨਵੀਰ ਸਿੰਘ ਜੀ, ਕੇਂਦਰੀ ਮੰਤਰੀ ਸ੍ਰੀ ਦੇਵਜੀ ਭਾਈ ਰਾਵਤ , ਅੰਤਰ ਰਾਸ਼ਟਰੀ ਉਪ ਅਧਿਅਕਸ਼ ਸ੍ਰੀ ਚੰਪਤ ਰਾਇ ਜੀ, ਪ੍ਰਾਂਤ ਸ਼ਕਤੀ ਸੰਯੋਜਿਕ ਸ੍ਰੀ ਮਾਲਤੀ ਸ਼ਰਮਾ ਜੀ ਅਤੇ ਹੋਰ ਬਹੁਤ ਸਾਰੇ ਸਹਿਯੋਗੀ ਸੱਜਣ ਅਤੇ ਹਿੰਦੂ ਭਰਾ ਇਸ ਕੈਂਪ ਦੌਰਾਨ ਸ਼ਾਮਲ ਹੋਏ।

੨੦ ਮਈ ਨੂੰ ਕਲਾ ਕੇਂਦਰ ਦੇ ਸੈਂਟਰ ਹਾਲ ਵਿੱਚ ਪ੍ਰੋਗਰਾਮ ਦਾ ਸ਼ੁਭ ਆਰੰਭ ਵਿਧੀਵਤ ਦੀਪਕ ਪ੍ਰਜ੍ਵਲਤ ਕਰਕੇ ਕੀਤਾ ਗਿਆ। ਸ੍ਰੀ ਸੁਰਿੰਦਰ ਜੈਨ ਜੀ, ਸੰਤ ਹਰਪਾਲ ਸਿੰਘ ਸੇਵਕ ਅਤੇ ਲੇਖਰਾਜ ਰਾਣਾ ਜੀ ਨੇ ਦੀਪਕ ਪ੍ਰਜ੍ਵਲਤ ਕਰਨ ਦੀ ਰਸਮ ਅਦਾ ਕੀਤੀ। ਸ੍ਰੀ ਵਿਵੇਕਾਨੰਦ ਜੀ ਮੰਚ ਸੰਚਾਲਕ ਦੇ ਅਮੰਤ੍ਰਿਤ ਕਰਨ ਤੇ ਸੇਵਕ ਹਰਪਾਲ ਸਿੰਘ ਨੇ ਨਾਮਧਾਰੀ ਸਿੱਖ ਸਮਾਜ ਬਾਰੇ ਜਾਣਕਾਰੀ ਦਿੱਤੀ। ਸ੍ਰੀ ਲੇਖਰਾਜ ਰਾਣਾ ਜੀ ਨੇ ਸੁਰਿੰਦਰ ਜੈਨ ਜੀ ਦਾ ਪ੍ਰੀਚਯ ਕਰਵਾਇਆ,ਉਪਰੰਤ ਸੁਰਿੰਦਰ ਜੈਨ ਜੀ ਨੇ ਪਰਸ਼ਿਕਸ਼ਣ ਵਰਗਾਂ ਦੇ ਮਹੱਤਵ ਬਾਰੇ ਦੱਸਿਆ। ੧੦ ਦਿਨਾਂ ਦੇ ਕੈਂਪ ਦੌਰਾਨ ਸਵੇਰੇ ਸਾਢੇ ਪੰਜ ਤੋਂ ਸ਼ਾਮੀਂ ੬ ਵਜੇ ਤੱਕ ਵੱਖੋ-ਵੱਖ ਵਿਸ਼ਿਆਂ ਤੇ ਗੋਸ਼ਟੀਆਂ ਹੁੰਦੀਆਂ। ਪੂਰੇ ਦਿਨ ਦੇ ਨਿਯਮਿਤ ਪ੍ਰੋਗਰਾਮ ਵਿੱਚ, ਕ੍ਰਿਤੀ ਸੱਤ੍ਰ, ਗੀਤਾ ਪਾਠ, ਪ੍ਰੇਰਕ ਜੀਵਨ, ਅਭਿਆਸ ਅਤੇ ਵਿਚਾਰ ਚਰਚਾ ਬੌਧਿਕ ਸੱਤ੍ਰ ਅਤੇ ਰਾਤ ਨੂੰ ਸਤਸੰਗ ਆਦਿ ਹੁੰਦਾ।

ਹਰ ਰੋਜ਼ ਸਤਰ ਸ਼ੁਰੂ ਹੋਣ ਦੇ ਵਕਤ ਸ੍ਰੀਮਤੀ ਕੁਸਮ ਚੌਹਾਨ (ਸੰਜੋਜਿਕਾ-ਦੁਰਗਾ ਵਾਹਿਨੀ, ਦਿੱਲੀ ਪ੍ਰਾਂਤ)।ਸਾਰੇ ਸਿਖਆਰਥੀਆਂ ਦਾ ਗੀਤ ਗਾਕੇ ਅਭਿਆਸ ਕਰਉਂਦੇ।

!! ਵਰਗ ਗੀਤ !!

ਵੈਹ ਦਿਨ ਸਮੀਪ ਮੇਂ ਹੈ,ਵੈਹ ਕਸ਼ਣ (ਖਿਣ) ਸਮੀਪ ਮੇਂ ਹੈ।
ਅਬ ਰਾਮਜੀ ਤੁਮਹਾਰਾ, ਮੰਦਿਰ ਵਹੀਂ ਬਣੇ ਗਾ।
ਤੇਰੀ ਕ੍ਰਿਪਾ ਸੇ ਭਾਰਤ ਕਾ ਭਾਗਿਯ ਅਭੀ ਤੋ ਬਦਲਾ....

ਵਰਗ ਦੇ ਅਧਿਕਾਰੀ ਤੇ ਸਿਖਆਰਥੀਆਂ ਨੇ ੨੪ ਮਈ ਨੂੰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਸਾਰੇ ਸਥਾਨਾਂ ਦੇ ਦਰਸ਼ਨ ਕੀਤੇ, ੨੫ ਮਈ ਨੂੰ ਗਊਆਂ ਦੇ ਤਬੇਲੇ ਵਿੱਚ ਜਾ ਕੇ ਗੋਹੇ ਕੂੜੇ ਦੀ ਸੇਵਾ ਕਰਕੇ ਅਪਣੇ ਧੰਨ ਭਾਗ ਸਮਝੇ ਅਤੇ ੨੭ ਮਈ ਨੂੰ ਦਸਮ ਪਾਤਸ਼ਾਹ ਜੀ ਦੇ ਗੁਰਦੁਆਰਾ ਚਰਨ ਕੰਵਲ ਸਾਹਿਬ ਮਾਛੀਵਾੜਾ ਦੇ ਦਰਸ਼ਨ ਕੀਤੇ ਤੇ ਵਾਪਸੀ ਸਮੇਂ ਪਿੰਡ ਪੂਨੀਆਂ 'ਚ ਪੈਂਦੇ ਨਾਮਧਾਰੀ ਡੇਰਾ ਵਿਖੇ ਨਹਿਰ ਦੇ ਕਿਨਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤਪ ਅਸਥਾਨ ਦੇ ਦਰਸ਼ਨ ਕੀਤੇ।

੩੦ ਮਈ ਨੂੰ ਸਮਾਪਨ ਸਮਾਰੋਹ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁਖੀਆਂ ਵਲੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਦਰਸ਼ਨ ਦੇਣ ਵਾਸਤੇ ਬੇਨਤੀ ਕੀਤੀ ਗਈ, ਜੋ ਪ੍ਰਵਾਨ ਹੋਈ। ਸਵੇਰੇ ਕਰੀਬ ਸਾਢੇ ਨੌਂ ਵਜੇ ਤੋਂ ਸਮਾਪਨ ਸਮਾਰੋਹ ਦਾ ਸਮਾਗਮ ਸ਼ੁਰੂ ਹੋ ਚੁੱਕਾ ਸੀ। 'ਵੰਦੇ ਮਾਤਰਮ' ਗਾ ਕੇ ਭਾਰਤ ਮਾਤਾ ਕੀ ਜੈ,ਭਗਵਾਨ ਰਾਮ ਕੀ,

ਭਗਵਾਨ ਕ੍ਰਿਸ਼ਨ ਕੀ, ਗੁਰੂ ਨਾਨਕ ਕੀ, ਗੁਰੂ ਗੋਬਿੰਦ ਸਿੰਘ ਕੀ ਅਤੇ ਸਤਿਗੁਰੂ ਰਾਮ ਸਿੰਘ ਕੀ ਜੈ ਬੁਲਾ ਕੇ ਇੱਕ ਭਜਨ-

'ਕੌਣ ਕਹਿਤਾ ਹੈ ਭਗਵਾਨ ਆਤੇ ਨਹੀਂ,
ਹਮ ਸ਼ਰਧਾ ਸੇ ਉਨਕੋ ਬੁਲਾਤੇ ਨਹੀਂ।'

ਗਾਇਆ ਗਿਆ। ਕੁਝ ਬੁਲਾਰੇ ਹਿੰਦੀ 'ਚ ਅਤੇ ਕੁਝ ਠੇਠ ਪੰਜਾਬੀ ਵਿੱਚ ਬੋਲੇ। ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਦਰਸ਼ਨ ਦਿੱਤੇ। ਸਭ ਨੇ ਖੜ੍ਹੇ ਹੋ ਕੇ ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਗੁਰ-ਅਭਿਨੰਦਨ ਕੀਤਾ।ਭਗਵਾਨ ਰਾਮ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਅੱਗੇ ਸ੍ਰੀ ਸਤਿਗੁਰੂ ਜੀ ਦੇ ਨਾਲ ਸੇਵਕ ਰਛਪਾਲ ਸਿੰਘ, ਚੰਪਤ ਰਾਇ ਜੀ, ਸ੍ਰੀ ਵਿਵੇਕਾਨੰਦ ਜੀ ਅਤੇ ਸੁਰਿੰਦਰ ਜੈਨ ਜੀ ਨੇ ਦੀਪ ਪ੍ਰਜ੍ਵਲਿਤ ਕਰਕੇ ਸਮਾਪਨ ਸਮਾਰੋਹ ਦਾ ਵਿਧੀਵਤ ਆਰੰਭ ਕੀਤਾ।ਅੱਜ ਦੇ ਸਮਾਗਮ ਵਿੱਚ ਸੇਵਕ ਹਰਪਾਲ ਸਿੰਘ ਨੇ ਕਰੀਬ ਪੌਣਾ ਘੰਟਾ ਵਖਿਆਨ ਕੀਤਾ। ਉਨ੍ਹਾਂ ਦੱਸਿਆ ਕਿ ਸਨਾਤਨ ਧਰਮ ਪਰੰਪਰਾ, ਜਿਸ ਵਿੱਚ ਕੇਵਲ ਕਰਮ ਕਾਂਡ ਅਤੇ ਵਹਿਮ-ਭਰਮ ਪ੍ਰਚਲਿਤ ਹੋ ਚੁੱਕੇ ਸਨ, ਉਹ ਧਰਮ ਦੇ ਸ਼ੁੱਧ ਸਰੂਪ ਨੂੰ ਕਾਇਮ ਕਰਨ ਲਈ ਗੁਰੂ ਨਾਨਕ ਦੇਵ ਜੀ ਸੱਚ ਦਾ ਸੂਰਜ ਬਣ ਪ੍ਰਗਟੇ। ਸੇਵਕ ਨੇ ਦੱਸਿਆ ਕਿ ਸ੍ਰੀ ਵਿਸ਼ਵਕਰਮਾ ਦੇ ਸਪੁੱਤਰਾਂ ਨਲ-ਨੀਲ ਨੂੰ ਦਿੱਤੇ ਵਚਨ ਅਨੁਸਾਰ ਭਗਵਾਨ ਰਾਮ ਚੰਦਰ ਜੀ ਕਲਿਜੁਗ ਵਿੱਚ ਬਾਢੀ ਬੰਸ ਵਿੱਚ ਸਤਿਗੁਰੂ ਰਾਮ ਸਿੰਘ ਦੇ ਰੂਪ ਵਿੱਚ ਪ੍ਰਗਟੇ। ਜਿਵੇਂ ਭਗਵਾਨ ਰਾਮ ਨੇ ਕਿਹਾ ਸੀ 'ਨਿਸਚਰ ਹੀਨ ਪ੍ਰਿਥਵੀ ਕਰੌਂ, ਭੁਜੋ ਉਠਾਇ ਪ੍ਰਨ ਕੀਨ' ਗੁਰੂ ਗੋਬਿੰਦ ਸਿੰਘ ਦੇ ਅਵਤਾਰ ਧਾਰਨ ਦਾ ਵੀ ਇਹੋ ਉਦੇਸ਼ ਸੀ-

ਨਾ ਛਡਾਊਂ ਕਹੂੰ ਦੁਸਟ ਅਸੁਰਨ ਨਿਸਾਨੀ।
ਚਲੈ ਸਭ ਜਗਤ ਮੈ ਧਰਮ ਕੀ ਕਹਾਨੀ।

ਅਤੇ ਇਹੋ ਕਿਹਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਿ ਜਦ ਤੱਕ ਗਊ ਗਰੀਬ ਦੇ ਗਲ ਤੋਂ ਛੁਰੀ ਨਹੀਂ ਲਹਿੰਦੀ, ਸ੍ਰਿਸ਼ਟੀ ਤੇ ਧਰਮ ਨਹੀਂ ਵਰਤਦਾ। ਉਦੋਂ ਤੱਕ ਇਸ ਮੜ੍ਹੇ (ਮੇਰੇ ਸਰੀਰ) ਦਾ ਅੰਤ ਨਹੀਂ ਹੋਵੇਗਾ।

ਸਿੱਖ ਧਰਮ ਵਿੱਚ ਛੇ ਹੱਤਿਆ ਵੱਡੇ ਪਾਪ ਮੰਨੇ ਗਏ ਹਨ- ਗਊ ਦਾ ਮਾਰਨਾ, ਬ੍ਰਾਹਮਣ ਦਾ ਮਾਰਨਾ, ਆਪਣੀ ਵੰਸ ਨੂੰ ਮਾਰਨਾ, ਕਰਜਾ ਲੈ ਕੇ ਨਾ ਦੇਣਾ, ਕੁੜੀ ਦਾ ਮਾਰਨਾ ਅਤੇ ਵਿਸ਼ਵਾਸਘਾਤ ਕਰਨਾ। ਜਨਮ ਸਾਖੀ ਦਾ ਵਾਕ-

ਗਊ ,ਬਿਰਾਹਮਣ ਮਾਰੀਐ,ਗੋਤਰੀ ਹਤਿ ਕਰਾਇ।
ਰਿਣ ਹੱਤਿਆ,ਕੰਨਿਆ ਹੱਤਿਆ,ਵਿਸ਼ਵਾਸਘਾਤ ਅਧਕਾਇ।

ਗਊ ਹੱਤਿਆ ਵਾਸਤੇ ਨਾਮਧਾਰੀ ਸਿੰਘਾਂ ਨੇ ਥੋਕ ਵਿੱਚ ਕੁਰਬਾਨੀਆਂ ਦਿੱਤੀਆਂ। ਦੇਸ਼ ਦੀ ਆਜ਼ਾਦੀ ਲਈ ਬਹੁ-ਸੁਖੀ ਸੁਤੰਤਰਤਾ ਸੰਗ੍ਰਾਮ ਅਰੰਭ ਕਰਨ ਵਾਲੇ ਸਤਿਗੁਰੂ ਰਾਮ ਸਿੰਘ ਪਹਿਲੇ ਭਾਰਤੀ ਹਨ। ਸ੍ਰੀ ਭੈਣੀ ਸਾਹਿਬ ਜੰਗ-ਏ-ਆਜ਼ਾਦੀ ਦੀ ਜਨਮ ਭੂਮੀ ਹੈ।ਸੇਵਕ ਜੀ ਨੇ ਇਹ ਵੀ ਕਿਹਾ ਕਿ ਹਿੰਦੂ-ਸਿੱਖਾਂ ਦੀ ਸਾਂਝ ਉਵੇਂ ਦੀ ਸਾਂਝ ਹੈ ਜਿਵੇਂ ਪੰਜਾਬੀ ਤੇ ਹਿੰਦੀ ਭਾਸ਼ਾਵਾਂ ਦੀ ਸਾਂਝ ਹੈ। ਗੁਰਮੁਖੀ ਅਤੇ ਦੇਵਨਾਗਰੀ ਲਿੱਪੀਆਂ ਦੀ ਸਾਂਝ ਹੈ। ਹਿੰਦੀ, ਪੰਜਾਬੀ ਸਕੀਆਂ ਭੈਣਾਂ ਭਾਸ਼ਾਵਾਂ ਹਨ। ਨਾਮਧਾਰੀ ਸਿੱਖ ਸਮਾਜ ਵਿੱਚ ਭਾਰਤੀ ਸੰਸਕ੍ਰਿਤੀ ਅਤੇ ਖਾਲਸਈ ਰਹਿਤ ਮਰਿਆਦਾ ਸਤਿਗੁਰੂ ਜੀ ਦੀ ਕਿਰਪਾ ਨਾਲ ਸ਼ੁੱਧ ਰੂਪ ਵਿੱਚ ਕਾਇਮ ਹੈ।

ਉਪਰੰਤ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅੰਤਰ ਰਾਸ਼ਟਰੀ ਅਧਿਅਕਸ਼ ਸ੍ਰੀ ਚੰਪਤ ਰਾਇ ਜੀ ਨੇ ਸ਼ਿਕਸ਼ਾ ਪ੍ਰੀਸ਼ਦ ਦੇ ਕਾਰਜ ਚੰਪਤ ਰਾਇ ਜੀ ਨੇ ਦੱਸਿਆ ਕਿ ਪਿਛਲੇ ਬਾਰ੍ਹਾਂ ਵਰ੍ਹਿਆਂ ਤੋਂ ਅਸੀਂ ਇਹੋ ਜਹੇ ਸ਼ਿਵਰ ਲਗਾ ਰਹੇ ਹਾਂ।ਇਹ ਸੱਤ ਤੋਂ ਦੱਸ ਦਿਨਾਂ ਦਾ ਕੈਂਪ ਲੋਕਾਂ ਦਾ,ਲੋਕਾਂ ਦੁਆਰਾ ਅਤੇ ਲੋਕਾਂ ਵਾਸਤੇ ਹੁੰਦਾ ਹੈ।ਸਾਡਾ ਸੰਗਠਨ ਗੈਰ ਰਾਜਨੀਤਿਕ ਹੈ।ਸਰਕਾਰਾਂ ਦਾ ਸਾਡੀ ਚਾਲ ਤੇ ਕਾਰਜ ਖੇਤਰ ਤੇ ਕੋਈ ਅਸਰ ਨਹੀਂ ਲੈਂਦਾ।ਉਨ੍ਹਾਂ ਕਿਹਾ ਕਿ ਸਾਡੇ ਸੰਗਠਨ ਦਾ ਮਾਰਗ ਦਰਸ਼ਨ ਨੇਤਾ ਜਾਂ ਰਾਜਾ ਲੋਕ ਨਹੀਂ ਕਰਦੇ।ਸਾਡੀ ਅਗਵਾਈ ਸਾਧੂ ਮਹਾਤਮਾ ਕਰਦੇ ਹਨ।ਸਾਧੂਆਂ ਤੋਂ ਸਾਨੂੰ ਸੱਚ, ਸੰਜਮ, ਤਪ, ਤਿਆਗ,ਸੇਵਾ,ਗਰੀਬੀ ਰੇਖਾ ਤੋਂ ਹੇਠ ਪਿੰਡਾਂ ਦੇ ਗਰੀਬ ਪੜਉਂਦੇ ਹਾਂ,ਕੰਮ ਸਖਉਂਦੇ ਹਾਂ ਅਤੇ ਸੰਸਕਾਰ ਦਿੰਦੇ ਹਾਂ।ਐਸ ਵੇਲੇ ਸਾਡੀ ਸੰਸਥਾ ਸੱਤਰ ਹਜ਼ਾਰ ਪਿੰਡਾਂ ਵਿੱਚ ਸਿੱਖਿਆ,ਸਿਹਤ ਅਤੇ ਸੰਸਕਾਰ ਦੇ ਕੇ ਲੋਕਾਂ ਨੂੰ ਸਵੈ ਨਿਰਭਰ ਬਣਾ ਰਹੀ ਹੈ।ਸਮਾਜ ਸਿਰਜਨ ਵਿੱਚ ਸਭ ਤੋਂ ਵੱਡਾ ਯੋਗਦਾਨ ਮਾਤਾ ਦਾ ਹੁੰਦਾ ਹੈ,ਇਸ ਲਈ ਅਸੀ ਚੰਗੀਆਂ ਮਾਤਾਵਾਂ ਬਨਣ ਲਈ ਬੱਚੀਆਂ ਨੂੰ ਇੰਨ੍ਹਾਂ ਸ਼ਿਵਰਾਂ ਦੌਰਾਨ ਸਿੱਖਿਆ ਦਿੰਦੇ ਹਾਂ।ਸਾਡੇ ਸ਼ਿਵਰ ਦੌਰਾਨ ਇੱਥੋਂ ਦੇ ਕਾਰਜ ਕਰਮ ਵਿੱਚ ਕੋਈ ਵਿਘਨ ਪਿਆ ਹੋਵੇ ਤਾਂ ਅਸੀ ਖ਼ਿਮਾ ਦੇ ਜਾਚਕ ਹਾਂ। ਆਪ ਨੇ ਕਿਹਾ ਕਿ ਨਾਮਧਾਰੀ ਸਿੱਖ ਸਮਾਜ ਨਾਲ ਸਾਡੀ ਸਾਂਝ ਮੁੱਢ ਕਦੀਮੀ ਹੈ - ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਗੁਰੂ ਗੋਲਵਰਕਰ ਜੀ ਦੇ ਸਮੇਂ ਤੋਂ, ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਥਾਪਨਾ ਸਮੇਂ ਸੰਦੀਪਨ ਆਸ਼ਰਮ ਵਿੱਚ ਦਰਸ਼ਨ ਦਿੱਤੇ।ਅਸੀਂ ਬਹੁਤ ਧੰਨਵਾਦੀ ਹਾਂ ਸਤਿਗੁਰੂ ਉਦੇ ਸਿੰਘ ਜੀ ਦੇ ਜਿਨ੍ਹਾਂ ਨੇ ਸਾਨੂੰ ਇਸ ਪਵਿੱਤਰ ਧਰਮ ਭੂਮੀ ਸ੍ਰੀ ਭੈਣੀ ਸਾਹਿਬ ਵਿਖੇ ਸਾਲਾਨਾ ਸੰਮੇਲਨ ਕਰਨ ਦੀ ਆਗਿਆ ਬਖਸ਼ੀ।ਪ੍ਰਬੰਧਕਾਂ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਵਾਲਾ ਸਨਮਾਨ ਚਿੰਨ੍ਹ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ ਗਿਆ।

ਸ੍ਰੀ ਸਤਿਗੁਰੂ ਜੀ ਨੇ ਵੀ ਸੰਗਠਨ ਦੇ ਮੁਖੀ ਅਹੁਦੇਦਾਰਾਂ ਨੂੰ ਸਿਰੋਪਾਓ ਬਖਸ਼ੇ। ਅੰਤ ਵਿੱਚ ਸ੍ਰੀ ਸਤਿਗੁਰੂ ਜੀ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਮੁੱਖ ਵਿਅਕਤੀ ਅਤੇ ਬਾਹਰੋਂ ਆਏ ਡੈਲੀਗੇਟਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਧੰਨਵਾਦੀ ਹਾਂ ਤੁਹਾਡੇ ਜੋ ਤੁਸੀਂ ਸਾਨੂੰ ਸੇਵਾ ਦਾ ਮੌਕਾ ਦਿੱਤਾ ਹੈ। ਆਪ ਜੀ ਨੇ ਸਾਂਝੀਵਾਲਤਾ ਨੂੰ ਹੀ ਧਰਮ ਦਾ ਸਾਰ ਦੱਸਿਆ। ਆਪ ਜੀ ਨੇ ਫੁਰਮਾਇਆ ਕਬੀਰ ਜੀ ਦਾ ਜਨਮ ਮੁਸਲਮਾਨਾਂ ਦੇ ਘਰ ਹੋਇਆ, ਉਨ੍ਹਾਂ ਦੇ ਗੁਰੂ, ਰਾਮਾਨੰਦ ਜੀ ਹਿੰਦੂ ਸਨ ਅਤੇ ਉਹਨਾਂ ਨੂੰ ਸਭ ਤੋਂ ਵੱਧ ਸਤਿਕਾਰ ਦਿੱਤਾ ਸਿੱਖਾਂ ਨੇ, ਏਥੇ ਧਰਮ ਦੀਆਂ ਹੱਦਾਂ ਕਿੱਥੇ ਰਹਿ ਜਾਂਦੀਆਂ ਹਨ। ਜੋ ਪਰਮਾਤਮਾ ਨੂੰ ਮਿਲ ਜਾਂਦੇ ਹਨ, ਜੋ ਸੱਚ ਨੂੰ ਸਮਝ ਲੈਂਦੇ ਹਨ, ਉਹ ਇੱਕ ਹੋ ਜਾਂਦੇ ਹਨ।ਅੱਜ ਦੇ ਸਮਾਗਮ ਸਮੇਂ ਸੰਗਠਨ ਦੇ ਕੁਝ ਵਿਸ਼ੇਸ਼ ਵਿਅਕਤੀਆਂ ਨੇ ਸਫੈਦ ਨਾਮਧਾਰੀ ਬਸਤਰ ਪਹਿਨੇ ਹੋਏ ਅਤੇ ਗਲਾਂ ਵਿੱਚ ਉੱਨ ਦੀਆਂ ਮਾਲਾ ਸਜਾਈਆਂ ਹੋਈਆਂ ਸਨ।ਸਮਾਪਨ ਸਮਾਰੋਹ ਸਮੇਂ ਸਾਰੇ ਡੈਲੀਗੇਟਸ ਨੂੰ ਭਗਵਾਨ ਰਾਮ, ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਵਾਲੀ ਸਨਮਾਨ ਨਿਸ਼ਾਨੀ ਅਤੇ ਮਾਲਾ ਦੇ ਕੇ ਸਨਮਾਨਿਤ ਕੀਤਾ ਗਿਆ। ਵਿਦਿਆਕ ਜਥੇ ਦੇ ਨੌਜੁਆਨਾਂ ਦੀ ਸੇਵਾ ਅਤੇ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਭੂਮੀ ਦੀਆਂ ਮਿੱਠੀਆਂ ਯਾਦਾਂ ਨਾਲ ਬਾਹਰੋਂ ਆਏ ਪਤਵੰਤੇ ਸੱਜਣ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਯੁਵਾ ਵਰਗ ਵਿਦਾ ਹੋਇਆ।

**ਹਰਪਾਲ ਸਿੰਘ ਸੇਵਕ**

## ‘ਸਤਿਜੁਗ’ ਸੰਬੰਧੀ ਇਕੱਤਰਤਾ

**੨੨ ਜੂਨ ੨੦੧੮** -ਅੱਜ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਲਾਇਬ੍ਰੇਰੀ ਵਿੱਚ ਅਦਾਰਾ 'ਸਤਿਜੁਗ' ਦੀ ਇੱਕ ਵਿਸ਼ੇਸ਼ ਇਕੱਤਰਤਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਹੋਈ। ਸ.ਸੁਵਰਨ ਸਿੰਘ ਵਿਰਕ ਨੇ ਸਤਿਜੁਗ ਪਰਚੇ ਦੇ ਮਾਨ ਮੱਤੇ ੧੦ ਦਹਾਕਿਆਂ ਦੇ ਇਤਿਹਾਸ ’ਤੇ ਪੰਛੀ ਝਾਤ ਮਾਰਦਿਆਂ ਇਸ ਲਈ ਵੱਡੇ ਕਾਰਜ ਕਰਨ ਵਾਲੇ ਸਾਰੇ ਸੰਪਾਦਕਾਂ ਨੂੰ ਯਾਦ ਕਰਦਿਆਂ ਆਖਿਆ ਕਿ ਸੰਤ ਤਾਰਾ ਸਿੰਘ ਅਨਜਾਣ ਦੇ ਸਵਰਗ ਸਿਧਾਰਨ ਤੋਂ ਬਾਅਦ ਸਤਿਗੁਰੂ ਜੀ ਦੇ ਹੁਕਮ ਅਨੁਸਾਰ 'ਸਤਿਜੁਗ' ਹੁਣ ਸ੍ਰੀ ਭੈਣੀ ਸਾਹਿਬ ਤੋਂ ਇੱਕ ਰਸਾਲੇ ਦੇ ਰੂਪ ਵਿੱਚ ਛਪਿਆ ਕਰੇਗਾ। ਸੇਵਕ ਹਰਪਾਲ ਸਿੰਘ ਇਸਦੇ ਕਲਮੀ ਸੰਪਾਦਕ ਹੋਣਗੇ। ਸੇਵਕ ਹਰਪਾਲ ਸਿੰਘ ਹੁਰਾਂ ਇਸਦੇ ਨਵੇਂ ਰੂਪ ਦਾ ਪ੍ਰਸਤਾਵਿਤ ਖਰੜਾ ਸ੍ਰੀ ਸਤਿਗੁਰੂ ਜੀ ਨੂੰ ਭੇਟ ਕਰ ਪ੍ਰਵਾਨਗੀ ਲਈ। ਇਹ ਪਰਚਾ ਜੋ ਹੁਣ ਰਸਾਲੇ ਦੇ ਰੂਪ ਵਿੱਚ ਛਪੇਗਾ ੨੮ ਸਫ਼ਿਆਂ ਦਾ ਰੰਗੀਨ ਤਸਵੀਰਾਂ ਵਾਲੇ ਪੇਪਰ ਬੈਕ ਵਿੱਚ ਰੰਗਦਾਰ ਤਸਵੀਰਾਂ ਨਾਲ ਸੁਸੱਜਿਤ ਹੋਵੇਗਾ। ਜਿਸ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼,ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼,ਗੁਰਬਾਣੀ ਵਿਚਾਰ, ਬਾਲ ਸਿੱਖਿਆ ਆਦਿ ਲੜੀਵਾਰ ਚੱਲਣ ਤੋਂ ਇਲਾਵਾ ਪੰਥਕ ਗਤੀਵਿਧੀਆਂ ਅਤੇ ਸਤਿਗੁਰੂ ਜੀ ਦੇ ਦੌਰਿਆਂ ਦੀਆਂ ਖ਼ਬਰਾਂ ਆਉਣਗੀਆਂ। ਸਿਹਤ ਅਤੇ ਖੇਤੀਬਾੜੀ ਦੇ ਸੰਬਧ ਵਿੱਚ ਵੀ ਵਿਸ਼ੇਸ਼ ਲੇਖ ਛਾਪਣ ਦਾ ਸਤਿਗੁਰੂ ਜੀ ਵੱਲੋਂ ਹੁਕਮ ਹੋਇਆ। ਸੰਤ ਨਿਸ਼ਾਨ ਸਿੰਘ ਜੀ ਤੇ ਮਾਸਟਰ ਦਰਸ਼ਨ ਸਿੰਘ ਜੀ ਗੁਰਬਾਣੀ ’ਤੇ ਅਧਾਰਿਤ ਵਿਸ਼ੇਸ਼ ਯੋਗਦਾਨ ਪਾਉਣਗੇ। ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਵੱਖੋ ਵੱਖਰੇ ਇਲਾਕਿਆਂ ਵਿੱਚ ਨੌਜਵਾਨਾਂ ਦੀ 'ਸਤਿਜੁਗ' ਲਈ ਪੱਤਰ-ਪ੍ਰੇਰਕ ਦੇ ਰੂਪ ਵਿੱਚ ਸੇਵਾ ਲਾਈ ਜਾਵੇਗੀ ਜੋ ਆਪਣੇ ਇਲਾਕਿਆਂ ਦੀਆਂ ਪੰਥਕ ਗਤੀਵਿਧੀ ਈ-ਮੇਲ ਰਾਹੀਂ ਨਿਰੰਤਰ 'ਸਤਿਜੁਗ' ਨੂੰ ਭੇਜਣਗੇ। ਅਖ਼ੀਰ ਸਤਿਗੁਰੂ ਜੀ ਨੇ ਆਪਣੇ ਪ੍ਰਵਚਨਾ ਵਿੱਚ ਵਿਸੇਸ ਤੌਰ ਤੇ ਹੁਕਮ ਕਰਦਿਆਂ ਕਿਹਾ ਕਿ ਸਾਨੂੰ ਕੁਝ ਅਜਿਹਾ ਕਰਨ ਦੀ ਲੋੜ ਹੈ ਜਿਸ ਨਾਲ ਇਸਦੇ ਪਾਠਕ ਵਧ ਸਕਣ। ਈ ਪਰਚੇ ਤੇ ਆਡੀਓ ਮੈਗਜ਼ੀਨ ਦੇ ਰੂਪ ਵਿੱਚ ਵੀ ਇਸ ਨੂੰ ਕੱਢਿਆ ਜਾਵੇ ਤਾਂ ਕਿ ਇਸਨੂੰ ਪੜ੍ਹਨਾ ਤੇ ਪਾਠਕਾਂ ਤੱਕ ਪਹੁੰਚਦਾ ਕਰਨਾ ਵਧੇਰੇ ਆਸਾਨ ਹੋ ਜਾਵੇਗਾ। ਇਸ ਇਕੱਤਰਤਾ ਵਿੱਚ ਸੂਬਾ ਬਲਵਿੰਦਰ ਸਿੰਘ,ਅਜੀਤ ਸਿੰਘ ਨਾਮਧਾਰੀ,ਕੁਲਵਿੰਦਰ ਸਿੰਘ, ਭਜਨ ਸਿੰਘ, ਗੁਰਲਾਲ ਸਿੰਘ, ਜਸਵੰਤ ਸਿੰਘ ਮਸਤ, ਗੁਰਭਗਤ ਸਿੰਘ, ਹਾਕਮ ਸਿੰਘ, ਆਲਾ ਸਿੰਘ,ਹਰਕੀਰਤ ਸਿੰਘ,ਸੁਖਵਿੰਦਰ ਸਿੰਘ,ਤੇ ਸਵਿੰਦਰ ਸਿੰਘ ਆਦਿ ਨੇ ਆਪਣੀ ਹਾਜ਼ਰੀ ਲਗਵਾਈ ਤੇ ਸਭ ਨੂੰ ਸਤਿਗੁਰੂ ਜੀ ਨੇ ਵੱਖੋ-ਵੱਖਰੀਆਂ ਸੇਵਾਵਾਂ ਸ.ਸ-ਵਰਨ ਸਿੰਘ ਵਿਰਕ ਜੀ,ਸੇਵਕ ਹਰਪਾਲ ਸਿੰਘ,ਸੰਤ ਨਿਸ਼ਾਨ ਸਿੰਘ ਹੋਰਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਨ ਦਾ ਹੁਕਮ ਕੀਤਾ।

## ਦਿੱਲੀ ਵਿਖੇ ਸਤਿਗੁਰ-ਦਰਸ਼ਨ

੨੩ ਜੂਨ ਦੁਪਹਿਰ ੨ ਵਜੇ ਸਤਿਗੁਰੂ ਜੀ ਨੇ ਮਾਤਾ ਜੀ ਅਤੇ ਨਿਜੀ ਸੇਵਕਾਂ ਸਹਿਤ ਦਿੱਲੀ ਦਰਸ਼ਨ ਦਿੱਤੇ। ਸੰਤ ਸੁਰਿੰਦਰ ਸਿੰਘ ਦੇ ਘਰ ਪਹੁੰਚ, ਉਡੀਕ ਰਹੀ ਸਾਧ ਸੰਗਤ ਨੂੰ ਦਰਸ਼ਨ ਦੇ ਨਿਹਾਲ ਕੀਤਾ। ੫ ਤੋਂ ੬ ਸ਼ਾਮ ਨੂੰ ਨਾਮ ਸਿਮਰਨ ਵਿੱਚ ਦਰਸ਼ਨ ਦਿਤੇ। ਉਪਰੰਤ ਰਾਗੀ ਇੰਦਰ ਸਿੰਘ,ਅਵਤਾਰ ਸਿੰਘ ਅਤੇ ਈਸ਼ਰ ਸਿੰਘ (ਤਬਲਾ ਵਾਦਕ) ਨੇ ਕੀਰਤਨ ਕੀਤਾ। ਪਹਿਲਾ ਸ਼ਬਦ ਰਾਗ ਸਾਰੰਗ ਵਿੱਚ:- 'ਸੁਭ ਬਚਨ ਬੋਲ ਗੁਨ ਅਮੋਲ' ਧਰੁਪਦ ਸ਼ੈਲੀ ਵਿੱਚ ਅਤੇ 'ਠਾਕੁਰ ਤੁਮ ਸਰਣਾਈ ਆਇਆ' ਸ਼ਬਦ ਪੜ੍ਹ ਕੀਰਤਨ ਦੀ ਸਮਾਪਤੀ ਕੀਤੀ। ਸੰਤ ਦਵਿੰਦਰ ਸਿੰਘ ਦੇ ਘਰ ਚਰਨ ਪਾਏ, ਸੰਤ ਹਰਪਾਲ ਸਿੰਘ ਸੋਧੀ ਦੇ ਘਰ ਜਲ ਪਾਣ ਕੀਤਾ । ਉਸਤਾਦ ਹਰਭਜਨ ਸਿੰਘ ਜੀ ਅਤੇ ਰਾਗੀ ਮਨਜੀਤ ਸਿੰਘ ਦੋਵਾਂ ਭਰਾਵਾਂ ਨਾਲ ਬਚਨ ਬਿਲਾਸ ਕੀਤੇ ਉਸਤਾਦ ਹਰਭਜਨ ਸਿੰਘ ਜੀ ਨੇ ੫੦-੫੫ ਸਾਲ ਪਹਿਲਾਂ ਮਿਲਿਆ ਜਪਾਨੀ ਪੈੱਨ ਜੋ ਮਹਾਰਾਜ ਬੀਰ ਸਿੰਘ ਜੀ ਨੇ ਇਨਾਮ ਵਿੱਚ ਦਿੱਤਾ ਸੀ ਉਹ ਸਤਿਗੁਰੂ ਜੀ ਨੂੰ ਭੇਂਟ ਕੀਤਾ। ਸਤਿਗੁਰੂ ਜੀ ਠੇਕੇਦਾਰ ਗੁਰਦੀਪ ਸਿੰਘ ਅਤੇ ਮਾਨਸਰੋਵਰ ਗਾਰਡਨ ਦੇ ਦੋ ਪਰਿਵਾਰਾਂ ਘਰ ਚਰਨ ਪਾ ਸਾਧ ਸੰਗਤ ਨੂੰ ਖੁਸ਼ੀਆਂ ਬਖਸ਼ੀਆਂ ਅੰਮ੍ਰਿਤ ਵੇਲੇ ਉੱਠਣ,ਸਣੇ-ਕੇਸੀ ਇਸ਼ਨਾਨ ਕਰਨ ਅਤੇ ਘੱਟ ਤੋਂ ਘੱਟ ਇੱਕ ਘੰਟਾ ਨਾਮ ਸਿਮਰਨ ਜਰੂਰ ਕਰਨ ਦਾ ਉਪਦੇਸ਼ ਦਿੱਤਾ ਸਿੱਖਾਂ ਸੇਵਕਾਂ ਦੀਆਂ ਅਰਜਾਂ ਸੁਣੀਆਂ । ਹਰਵਿੰਦਰ ਸਿੰਘ ਹੰਸਪਾਲ ਦੇ ਗ੍ਰਹਿ ਵਿਖੇ ਗੁਰਭੇਜ ਗੁਰਾਇਆ ਨਾਲ ਆਏ ਵਿਸ਼ਿਸਟ ਸੱਜਣਾਂ ਨਾਲ ਬਚਨ ਬਿਲਾਸ ਕਰ ਬੰਕੋਕ ਜਾਣ ਲਈ ਏਅਰਪੋਰਟ ਲਈ ਰਵਾਨਾ ਹੋਏ।

**-ਹਰਪਾਲ ਸਿੰਘ ਸੋਧੀ**

## ਗੁਰਮੁਖੀ-ਹਿੰਦਸੇ

1----------੧
2----------੨
3----------੩
4----------੪
5----------੫
6----------੬
7----------੭
8----------੮

# ਪੰਥਕ ਸਰਗਰਮੀਆਂ



ਸ੍ਰੀ ਸਤਿਗੁਰੂ ਜੀ ਨਸ਼ਾ ਮੁਕਤੀ ਸਮਾਗਮ ਸਮੇਂ ਮੰਚ ਤੇ ਸੁਭਾਇਮਾਨ।



ਸ੍ਰੀ ਸਤਿਗੁਰੂ ਜੀ ਹਰਿਆਣਾ ਪੁਲਿਸ ਦੇ ਡੀ.ਜੀ.ਪੀ. ਸ.ਬਲਜੀਤ ਸਿੰਘ ਸੰਧੂ ਨੂੰ ਸਨਮਾਨਿਤ ਕਰਦੇ ਹੋਏ।



ਸ.ਗੁਰਪ੍ਰੀਤ ਸਿੰਘ ਤੂਰ ਏ.ਆਈ.ਜੀ. ਪੰਜਾਬ ਪੁਲਿਸ ਵਲੋਂ ਸਤਿਕਾਰ ਭੇਟ



ਤੂਰ ਸਾਹਿਬ ਨੂੰ ਨਾਮਧਾਰੀ ਸਾਹਿਤ ਦੀਆਂ ਪੁਸਤਕਾਂ ਭੇਟ ਕਰਦੇ ਹੋਏ, ਸ.ਸੁਵਰਨ ਸਿੰਘ ਵਿਰਕ ਅਤੇ ਸੰਤ ਨਿਸ਼ਾਨ ਸਿੰਘ ਜੀ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸਪਤਾਹਿਕ ਸਤਿਜੁਗ ਸੰਬੰਧੀ ਇਕੱਤਰਤਾ ਸਮੇਂ ਸ.ਸੁਵਰਨ ਸਿੰਘ ਵਿਰਕ,ਹਰਪਾਲ ਸਿੰਘ ਸੇਵਕ, ਅਜੀਤ ਸਿੰਘ ਨਾਮਧਾਰੀ,ਸੁਖਵਿੰਦਰ ਸਿੰਘ ਲਾਇਲ,ਸੰਤ ਨਿਸ਼ਾਨ ਸਿੰਘ,ਮਾਸਟਰ ਦਰਸ਼ਨ ਸਿੰਘ,ਸੂਬਾ ਬਲਵਿੰਦਰ ਸਿੰਘ,ਕਰਤਾਰ ਸਿੰਘ ਸੇਵਕ ਸਵਿੰਦਰ ਸਿੰਘ,ਗੁਰਲਾਲ ਸਿੰਘ,ਗੁਰਭਗਤ ਸਿੰਘ, ਭਜਨ ਸਿੰਘ,ਜਸਵੰਤ ਸਿੰਘ,ਆਲਾ ਸਿੰਘ, ਕੁਲਵਿੰਦਰ ਸਿੰਘ,ਬੀਬੀ ਰਜਿੰਦਰ ਕੌਰ ਪੰਨੂ, ਕਵੀਸ਼ਰ ਗੁਰਸੇਵਕ ਸਿੰਘ,ਤ੍ਰਿਲੋਕ ਸਿੰਘ, ਹਰਕੀਰਤ ਸਿੰਘ, ਹਾਕਮ ਸਿੰਘ ਆਦਿ।



Date of Publication: 4-07-2018,
Date of Posting: 5-6 July 2018

RNI NO. 55658/93 Delhi Postal Regd. No. DL(W) 01/2055/18-20

ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਵਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
(ਭਾਈ ਗੁਰਦਾਸ ਜੀ)



ਗੋਬਿੰਦ ਕੇਸਵ ਰਾਮ ਕਿਧੋ ਰਿਪੁ ਦਾਹਿਕ ਰੂਪ ਧਰਾ ਜਗ ਵਾਲੀ॥
ਪੀਰਨ ਪੀਰ ਵ ਮੀਰਨ ਮੀਰਹਿ ਤੇਗ ਧਰੀ ਜੁਗ ਤੇਜ ਬਿਸਾਲੀ॥
ਤੋਰਕ ਗਾਰਕ ਹਿੰਦੁਨ ਤਾਰਕ ਦੀਨਨ ਪਾਰਕ ਵਾਕ ਰਸਾਲੀ॥
ਕਾਰਕ ਬਾਰਕ ਕੇ ਜਿਨ ਬਾਰਕ ਖੰਡਹਿ ਪਾਹੁਲ ਪੰਥ ਸਿੰਘਾਲੀ॥
(ਸੰਤ ਧਿਆਨ ਸਿੰਘ ਕਾਦਰਾਬਾਦੀ)

Printed and Published by Mr. Harvendra Singh Hanspal on behalf of Namdhari Darbar.Printed at Summit advertising press, 2DLF (Part), Moti Nagar, New Delhi and Published from Namdhari Gurdwara, ramesh Nagar,